# ਕਾਮਾਗਾਟਾਮਾਰੂ

ਅਜਮੇਰ ਰੋਡੇ

# ਕਾਮਾਗਾਟਾ ਮਾਰੂ
(ਨਾਟਕ)

**ਏਸੇ ਕਲਮ ਤੋਂ :**

ਸੁਰਤੀ
ਵਿਸ਼ਵ ਦੀ ਨੁਹਾਰ
ਦੂਜਾ ਪਾਸਾ (ਇਕਾਂਗੀ ਸੰਗ੍ਰਹਿ)

# ਕਾਮਾਗਾਟਾ ਮਾਰੂ

**ਅਜਮੇਰ ਰੋਡੇ**

*ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ*

KAMAGATA MARU (full play)
by
AJMER RODE

ਪਹਿਲੀ ਵਾਰ :
ਅਪ੍ਰੈਲ 1984

ਪ੍ਰਕਾਸ਼ਕ :
ਕੁਲਬੀਰ ਸੂਰੀ,
ਨਾਨਕ ਸਿੰਘ ਪੁਸਤਕਮਾਲਾ,
ਮਾਸਟਰ ਤਾਰਾ ਸਿੰਘ ਮਾਰਕਿਟ,
ਬਾਜ਼ਾਰ ਸਰਾਂ ਗੁਰੂ ਰਾਮਦਾਸ,
ਅੰਮ੍ਰਿਤਸਰ ।

ਛਾਪਕ :
ਪ੍ਰੀਤ ਲੜੀ ਪ੍ਰੈਸ,
ਪ੍ਰੀਤ ਨਗਰ (ਅੰਮ੍ਰਿਤਸਰ)

ਮੁੱਲ : ਪੰਜੀ ਰੁਪਏ

# ਨਾਟਕ ਦਾ ਪਿਛੋਕੜ

ਇਹ ਨਾਟਕ ਸਮੁੰਦਰੀ ਜਹਾਜ਼, ਕਾਮਾਗਾਟਾ ਮਾਰੂ ਦੀ ਵਾਰਦਾਤ ਅਤੇ ਉਸ ਨਾਲ ਸੰਬੰਧਤ ਹੋਰ ਘਟਨਾਵਾਂ ਦੇ ਆਧਾਰ ਉਤੇ ਲਿਖਿਆ ਗਿਆ ਹੈ ।

ਕਾਮਾਗਾਟਾ ਮਾਰੂ ਪੌਣੇ ਚਾਰ ਸੌ ਮੁਸਾਫ਼ਰਾਂ ਸਮੇਤ ਹਾਂਗਕਾਂਗ ਤੋਂ ਰਵਾਨਾ ਹੋ ਕੇ, ਮਈ 1914 ਨੂੰ ਵੈਨਕੂਵਰ ਪਹੁੰਚਿਆ । ਕੈਨੇਡਾ ਅਤੇ ਭਾਰਤ ਦੋਵੇਂ ਹੀ ਉਸ ਸਮੇਂ ਅੰਗਰੇਜ਼ੀ ਸਾਮਰਾਜ ਦੀਆਂ ਬਸਤੀਆਂ ਸਨ ਅਤੇ ਸਾਰੇ ਭਾਰਤੀ, ਅੰਗਰੇਜ਼ੀ ਰਾਜ ਦੇ ਨਾਗਰਿਕ ਸਮਝੇ ਜਾਂਦੇ ਸਨ । ਮੁਸਾਫ਼ਰਾਂ ਵਿਚੋਂ ਬਹੁਗਿਣਤੀ ਪੰਜਾਬੀਆਂ ਦੀ ਸੀ ਜੋ ਫ਼ੌਜ ਵਿਚ ਅੰਗਰੇਜ਼ੀ ਸਾਮਰਾਜ ਲਈ ਲੜਾਈਆਂ ਲੜ ਚੁੱਕੇ ਸਨ । ਇਸ ਲਈ ਚਾਹੀਦਾ ਤਾਂ ਇਹ ਸੀ ਕਿ ਕੈਨੇਡਾ ਪਹੁੰਚਣ ਉਤੇ ਉਨ੍ਹਾਂ ਦਾ ਸਵਾਗਤ ਕੀਤਾ ਜਾਂਦਾ । ਪਰ ਇਸ ਦੇ ਉਲਟ ਉਹਨਾਂ ਨੂੰ ਜਹਾਜ਼ ਵਿਚ ਹੀ ਕੈਦੀ ਬਣਾ ਦਿੱਤਾ ਗਿਆ ਅਤੇ ਦੋ ਮਹੀਨੇ ਦੀ ਖੱਜਲ ਖੁਆਰੀ ਪਿਛੋਂ ਵਾਪਸ ਮੋੜ ਦਿੱਤਾ ਗਿਆ ।

ਵੈਨਕੂਵਰ ਵਿਚ ਗੋਰਿਆਂ ਅਤੇ ਹਿੰਦੁਸਤਾਨੀਆਂ ਵਿਚਕਾਰ ਤਣਾਅ ਪਹਿਲਾਂ ਹੀ ਮੌਜੂਦ ਸੀ, ਕਾਮਾਗਾਟਾ ਮਾਰੂ ਦੀ ਘਟਨਾ ਨੇ ਉਸ ਤਣਾਓ ਨੂੰ ਸਿਖਰ 'ਤੇ ਪਹੁੰਚਾ ਦਿੱਤਾ । ਨਤੀਜੇ ਵਜੋਂ ਅਜਿਹੀਆਂ ਘਟਨਾਵਾਂ ਵਾਪਰੀਆਂ ਜਿਨ੍ਹਾਂ ਦਾ ਪ੍ਰਭਾਵ ਵੈਨਕੂਵਰ ਵਿੱਚ ਅਜੇ ਤੱਕ ਮੌਜੂਦ ਹੈ । ਮਿਸਾਲ ਵਜੋਂ ਵੈਨਕੂਵਰ ਦੀ ਮੁਖ ਰੋਜ਼ਾਨਾ ਪੱਤ੍ਰਕਾ 'ਸਨ' ਵਿਚ 25 ਅਗਸਤ, 1979 ਨੂੰ ਛਪਿਆ :

"1914 ਵਿਚ ਜਦੋਂ ਕਾਮਾਗਾਟਾ ਮਾਰੂ ਸਿੱਖ ਅਵਾਸੀਆਂ ਨਾਲ ਭਰਿਆ ਕੈਨੇਡਾ ਦੇ ਪੱਛਮੀ ਤੱਟ ਉਤੇ ਆਇਆ ਤਾਂ ਪੁਲੀਸ, ਇਮੀਗ੍ਰੇਸ਼ਨ ਅਫ਼ਸਰ ਅਤੇ ਨੇਵੀ ਦੀ ਵਰਤੋਂ ਕਰਕੇ ਉਨ੍ਹਾਂ ਅਣਚਾਹੇ ਅਜਨਬੀਆਂ ਨੂੰ ਵਾਪਸ ਧੱਕ ਦਿੱਤਾ ਗਿਆ । ਜੇ ਕਾਮਾਗਾਟਾ ਮਾਰੂ ਅੱਜ ਫੇਰ ਆ ਜਾਵੇ ਤਾਂ ਹੋ ਸਕਦਾ ਹੈ ਮੁਸਾਫ਼ਰਾਂ ਨੂੰ ਹੁਣ ਦਾਖ਼ਲਾ ਮਿਲ ਜਾਵੇ, ਪਰ ਜੋ ਬਦਸਲੂਕੀ ਉਨ੍ਹਾਂ ਨਾਲ 1914 ਵਿਚ ਹੋਈ ਸੀ, ਉਹ ਘੱਟੋ ਘੱਟ ਕੁਝ ਹੱਦ ਤਕ ਅੱਜ ਵੀ ਜ਼ਰੂਰ ਹੋਵੇਗੀ ।"

ਵਾਸਤਵ ਵਿਚ ਕਾਮਾਗਾਟਾ ਮਾਰੂ ਦਾ ਸਾਕਾ ਕੈਨੇਡਾ ਅਤੇ ਵਿਸ਼ੇਸ਼ ਕਰਕੇ ਵੈਨਕੂਵਰ, ਦੇ ਇਤਿਹਾਸ ਦਾ ਅਜਿਹਾ ਪੰਨਾ ਬਣ ਚੁੱਕਾ ਹੈ ਜੋ ਨਸਲੀ ਬੁੱਲਿਆਂ ਦੇ ਚੱਲਣ ਸਮੇਂ ਆਪਣੇ ਆਪ ਹੀ ਖੁੱਲ੍ਹ ਕੇ ਪ੍ਰਦਰਸ਼ਿਤ ਹੋ ਜਾਂਦਾ ਹੈ । ਤੇ ਜਦੋਂ ਕਦੇ ਇਥੋਂ ਦੇ ਵਾਸੀਆਂ ਨੂੰ ਕੈਨੇਡਾ ਵਿਚ ਕਿਸੇ 'ਨਿਆਂਪੂਰਣ ਸਮਾਜ' ਹੋਣ ਦਾ ਭੁਲੇਖਾ ਪੈਣ ਲੱਗਦਾ ਹੈ, ਤਾਂ ਇਸ ਪੰਨੇ ਦੇ ਸ਼ਬਦ ਕਦੀ ਵਿਅੰਗ ਨਾਲ ਹੱਸਦੇ ਹਨ ਤੇ ਕਦੀ ਘੂਰੀ ਵੱਟ ਕੇ ਗੰਭੀਰ ਪ੍ਰਸ਼ਨਾਂ ਦੇ ਉੱਤਰ ਮੰਗਦੇ ਹਨ ।



## ਰੰਗ-ਮੰਚ ਦ੍ਰਿਸ਼ਾਵਲੀ

ਰੰਗ-ਮੰਚ ਤਿੰਨ ਭਾਗਾਂ ਵਿਚ ਵੰਡਿਆ ਦਿਖਾਇਆ ਜਾਂਦਾ ਹੈ ।

ਮੰਚ ਦੇ ਖੱਬੇ ਪਾਸੇ ਕਾਮਾਗਾਟਾ ਮਾਰੂ ਜਹਾਜ਼ ਹੈ, ਮੱਧ ਵਿਚ ਕੈਨੇਡਾ ਦੇ ਇਮੀਗ੍ਰੇਸ਼ਨ ਮਹਿਕਮੇ ਦਾ ਰਿਸੈਪਸ਼ਨ ਦਫ਼ਤਰ ਹੈ, ਅਤੇ ਸੱਜੇ ਪਾਸੇ ਵੈਨਕੂਵਰ ਵਿਚ ਸਿੱਖਾਂ ਦਾ ਗੁਰਦਵਾਰਾ ਹੈ ।

ਕਾਮਾਗਾਟਾ ਮਾਰੂ ਵਾਲਾ ਭਾਗ —

ਇਸ ਭਾਗ ਵਿਚ ਕਾਮਾਗਾਟਾ ਮਾਰੂ ਜਹਾਜ਼ ਦਾ ਅਗਲਾ ਹਿੱਸਾ ਦਿੱਸਦਾ ਹੈ। ਜਿਸ ਵਿਚ ਇਕ ਮੇਜ਼, ਇਕ ਕੁਰਸੀ ਅਤੇ ਪਿੱਛੇ ਹਟਵਾਂ ਇਕ ਪਰਦਾ ਲੱਗਾ ਹੋਇਆ ਹੈ। ਵੈਨਕੂਵਰ ਵਿਚ ਇਹ ਨਾਟਕ ਖੇਡਣ ਸਮੇਂ ਰੱਸੀ ਉਤੇ ਨੀਲੇ ਰੰਗ ਦਾ ਮੋਟਾ ਪਰਦਾ ਦੋ ਹਿੱਸਿਆਂ ਵਿਚ ਟੰਗਿਆ ਗਿਆ । ਪਰਦੇ ਦੇ ਦੋਹਾਂ ਹਿੱਸਿਆਂ ਵਿਚਕਾਰ ਇਕ ਹੋਰ ਸਫ਼ੈਦ ਜਾਲੀਦਾਰ ਕਪੜੇ ਦਾ ਪਰਦਾ ਲਾ ਕੇ, ਉਸ ਪਿੱਛੇ ਲਾਲ ਰੰਗ ਦੀ ਰੌਸ਼ਨੀ ਪਾਈ ਗਈ । ਇਸ ਤਰ੍ਹਾਂ ਦਰਸ਼ਕਾਂ ਲਈ ਇਸ ਨੇ ਸਾਰੇ ਜਹਾਜ਼ ਦਾ ਪ੍ਰਭਾਵ ਪੈਦਾ ਕਰ ਦਿੱਤਾ। ਪਰਦੇ ਦੇ ਉਪਰ ਇਕ ਚਿੱਟੇ ਕੱਪੜੇ ਉਤੇ ਮੋਟਾ ਕਰਕੇ 'ਕਾਮਾਗਾਟਾ ਮਾਰੂ' ਲਿਖ ਕੇ ਲਾਇਆ ਗਿਆ। ਇਸ ਭਾਗ ਵਿਚ ਨੀਲੀਆਂ ਝੰਡੀਆਂ ਵੀ ਲਾਈਆਂ ਜਾ ਸਕਦੀਆਂ ਹਨ । ਪਰਦੇ ਦੇ ਖੱਬੇ ਪਾਸੇ ਜਾਂ ਕਿਸੇ ਹੋਰ ਠੀਕ ਸਥਾਨ 'ਤੇ, ਅੰਦਰੋਂ ਆਉਣ ਲਈ ਦਰਵਾਜ਼ਾ ਰੱਖਿਆ ਜਾ ਸਕਦਾ ਹੈ ਜੋ ਕੇਵਲ ਇਕ ਹੋਰ ਰੰਗ ਦੇ ਪਰਦੇ ਨਾਲ ਹੀ ਵਿਖਾਇਆ ਜਾ ਸਕਦਾ ਹੈ ।

ਇਮੀਗ੍ਰੇਸ਼ਨ ਵਾਲਾ ਭਾਗ —

ਇਸ ਭਾਗ ਵਿਚ ਦੋ ਦਰਵਾਜ਼ੇ ਦਿਖਾਏ ਜਾਂਦੇ ਹਨ। ਸੱਜੇ ਦਰਵਾਜ਼ੇ ਵਿਚੋਂ ਲੋਕ ਬਾਹਰੋਂ ਦਫ਼ਤਰ ਅੰਦਰ ਪ੍ਰਵੇਸ਼ ਕਰ ਸਕਦੇ ਹਨ। ਇਸ ਵਿਚੋਂ ਅਕਸਰ ਵਿਲੀਅਮ ਹਾਪਕਿਨਸਨ ਪ੍ਰਵੇਸ਼ ਕਰਦਾ ਹੈ। ਖੱਬੇ ਪਾਸੇ ਵਾਲਾ ਦਰਵਾਜ਼ਾ ਅੰਦਰ ਨੂੰ ਖੁੱਲ੍ਹਦਾ ਹੈ ਜੋ ਅੱਗੇ ਹੋਰ ਦਫ਼ਤਰਾਂ ਦਾ ਭੁਲੇਖਾ ਪਾਉਂਦਾ ਹੈ। ਇਸ ਦਰਵਾਜ਼ੇ ਵਿਚੋਂ ਅਕਸਰ ਮਹਿਕਮੇ ਦੀ ਰਿਸੈਪਸ਼ਨਿਸਟ, ਜੀਨ, ਆਉਂਦੀ ਜਾਂਦੀ ਹੈ। ਦਫ਼ਤਰ ਵਿਚ ਜੀਨ ਦਾ ਮੇਜ਼ ਕੁਰਸੀ ਹੈ। ਮੇਜ਼ 'ਤੇ ਟਾਈਪਰਾਈਟਰ ਅਤੇ ਹੋਰ ਕਾਗਜ਼ ਪੱਤਰ, ਫੂਲਦਾਨ ਆਦਿ ਵੀ ਹਨ। ਦੀਵਾਰ 'ਤੇ ਤਸਵੀਰ ਆਦਿ ਲਟਕਾਈ ਜਾ ਸਕਦੀ ਹੈ, ਤੇ ਦਰਵਾਜ਼ਿਆਂ ਅੱਗੇ ਪਰਦੇ। ਮੇਜ਼ ਕੁਰਸੀ ਭਾਵੇਂ ਜੀਨ ਦੇ ਬੈਠਣ ਲਈ ਹੈ, ਐਕਟਿੰਗ ਕਰਨ ਸਮੇਂ ਉਹ ਅਕਸਰ ਤੁਰਦੀ ਫਿਰਦੀ ਮੰਚ ਦੇ ਵਿਚਾਲੇ ਹੀ ਰਹਿੰਦੀ ਹੈ। ਦਫ਼ਤਰ ਵਿਚ ਇਕ ਦੋ ਹੋਰ ਕੁਰਸੀਆਂ ਵੀ ਰੱਖੀਆਂ ਜਾ ਸਕਦੀਆਂ ਹਨ। (ਕੈਨੇਡਾ ਦੇ ਇਮੀਗ੍ਰੇਸ਼ਨ ਦਫ਼ਤਰ ਵਿਚ ਉਸ ਸਮੇਂ ਦੋ ਤਿੰਨ ਦੁਭਾਸ਼ੀਏ ਸਨ, ਜੋ ਅੰਗਰੇਜ਼ੀ ਅਤੇ ਪੰਜਾਬੀ ਜਾਣਦੇ ਸਨ। ਹਾਪਕਿਨਸਨ ਲਾਹੌਰ ਦਾ ਜੰਮ-ਪਲ ਸੀ।)

ਗੁਰਦਵਾਰੇ ਵਾਲਾ ਭਾਗ —

ਇਸ ਭਾਗ ਵਿਚਲਾ ਦ੍ਰਿਸ਼, ਮੰਚ ਉਤੇ ਗੁਰਦਵਾਰੇ ਦੇ ਬਾਹਰਲੇ ਵਿਹੜੇ ਨੂੰ ਦਰਸਾਉਂਦਾ ਹੈ। ਇਸ ਭਾਗ ਵਿਚ ਇਕ ਗੇਟ ਹੈ ਜਿਸ ਦੇ ਅੰਦਰੋਂ ਗੁਰਦਵਾਰੇ ਦਾ ਭੁਲੇਖਾ ਪੈਂਦਾ ਹੈ। ਬਾਹਰ ਦੋ ਸਾਦੇ ਜਿਹੇ ਲਕੜੀ ਦੇ ਬੈਂਚ ਪਏ ਹਨ — ਇਕ ਇਕ ਪਾਸੇ ਇਕ ਪੌਦਾ ਹੈ। ਅੰਦਰੋਂ ਕਦੇ ਕਦੇ ਸੰਗੀਤ ਦੀ ਆਵਾਜ਼ ਵੀ ਆਉਂਦੀ ਹੈ। ਗੇਟ ਉਤੇ ਮੋਟੇ ਅੱਖਰਾਂ ਵਿਚ, 'ਵੈਨਕੂਵਰ ਸਿੱਖ ਟੈਂਪਲ' ਲਿਖਿਆ ਹੋਇਆ ਹੈ।

ਮੰਚ ਨੂੰ ਤਿੰਨ ਭਾਗਾਂ ਵਿਚ ਵਿਖਾਉਣ ਲਈ ਕੇਵਲ ਸੈੱਟ ਦੀਆਂ ਦੀਵਾਰਾਂ ਹੀ ਵਿਸ਼ੇਸ਼ ਢੰਗ ਨਾਲ ਲਾਈਆਂ ਜਾਂਦੀਆਂ ਹਨ ਤੇ ਹਰ ਇਕ ਭਾਗ ਦਾ ਨਾਮ ਮੋਟਾ ਕਰਕੇ ਲਿਖਿਆ ਜਾਂਦਾ ਹੈ — ਮੰਚ ਨੂੰ ਇਸ ਤਰ੍ਹਾਂ ਤਿੰਨ ਭਾਗਾਂ ਵਿਚ ਵੰਡੇ ਜਾਣ ਦੇ ਸੰਕੇਤਕ ਅਰਥ ਹਨ। ਕਾਮਾਗਾਟਾ ਮਾਰੂ ਦੇ ਮੁਸਾਫ਼ਰਾਂ ਅਤੇ ਸਥਾਨਕ ਹਿੰਦੁਸਤਾਨੀਆਂ ਵਿਚਕਾਰ, ਇਮੀਗ੍ਰੇਸ਼ਨ ਵਿਭਾਗ ਇਕ ਖ਼ਲੀਜ ਵਾਂਗ ਸੀ ਜੋ ਦੋਹਾਂ ਨੂੰ ਆਪੋ ਵਿਚ ਮਿਲਣ ਦੀ ਇਜਾਜ਼ਤ ਨਹੀਂ ਸੀ ਦਿੰਦਾ। ਵੈਨਕੂਵਰ ਵਿਚ ਇਹ ਨਾਟਕ ਮੰਚ ਉਤੇ ਖੇਡਣ ਸਮੇਂ, ਉਪਰੋਕਤ ਕਿਸਮ ਦਾ ਸੈੱਟ ਲਾਉਣ ਵਿਚ ਕੋਈ ਔਖ ਪੇਸ਼ ਨਹੀਂ ਆਈ।



## ਸੈੱਟ ਤਬਦੀਲੀ ਅਤੇ ਮੰਚ ਸਮੱਗਰੀ

ਇਹ ਨਾਟਕ ਆਮ ਨਾਟਕਾਂ ਵਾਂਗ ਐਕਟਾਂ ਅਤੇ ਸੀਨਾਂ ਵਿਚ ਨਹੀਂ ਵੰਡਿਆ ਹੋਇਆ। ਪਰਦਾ ਇਕ ਵਾਰ ਖੁਲ੍ਹ ਕੇ ਅੰਤ ਤੀਕ ਖੁਲ੍ਹਾ ਹੀ ਰਹਿੰਦਾ ਹੈ — ਕਹਾਣੀ ਇਕ ਦ੍ਰਿਸ਼ ਤੋਂ ਦੂਜੇ ਦ੍ਰਿਸ਼ ਵਿਚ ਰੌਸ਼ਨੀ ਰਾਹੀਂ ਬਦਲੀ ਜਾਂਦੀ ਹੈ ਤੇ ਨਿਰੰਤਰ ਤੁਰਦੀ ਰਹਿੰਦੀ ਹੈ। ਨਾ ਹੀ ਇਸ ਨਾਟਕ ਵਿਚ ਕੋਈ ਇੰਟਰਵਲ ਕਰਨ ਦੀ ਲੋੜ ਹੈ। ਪਰ ਜੇ ਜ਼ਰੂਰਤ ਹੋਵੇ ਤਾਂ ਕਿਸੇ ਵੀ ਯੋਗ ਸਥਾਨ ਉਤੇ ਅਜਿਹਾ ਕੀਤਾ ਜਾ ਸਕਦਾ ਹੈ।

ਮੰਚ ਦੇ ਤਿੰਨਾਂ ਭਾਗਾਂ ਵਿਚ ਸੈੱਟ ਬਹੁਤ ਆਸਾਨੀ ਨਾਲ ਤਬਦੀਲ ਕੀਤੇ ਜਾ ਸਕਦੇ ਹਨ।

ਕਾਮਾਗਾਟਾ ਮਾਰੂ ਭਾਗ —

ਇਸ ਵਿਚ ਨਾਟਕ ਦੇ ਬਹੁਤੇ ਸਮੇਂ ਦੌਰਾਨ ਪਹਿਲਾਂ ਵਾਲਾ ਸੈੱਟ ਹੀ, ਜੋ ਉਪਰ ਬਿਆਨ ਕੀਤਾ ਗਿਆ ਹੈ, ਰਹਿੰਦਾ ਹੈ।

ਪਿੱਛੋਂ ਜਾ ਕੇ ਦੋ ਥਾਵਾਂ ਉਤੇ ਤਬਦੀਲੀਆਂ ਹੁੰਦੀਆਂ ਹਨ।

ਪਹਿਲੀ ਤਬਦੀਲੀ ਓਦੋਂ ਹੁੰਦੀ ਹੈ ਜਿਸ ਸਮੇਂ ਕਾਮਾਗਾਟਾ ਮਾਰੂ ਵੈਨਕੂਵਰ ਤੋਂ ਵਾਪਸ ਚਲਾ ਜਾਂਦਾ ਹੈ ਉਸ ਸਮੇਂ ਕਾਮਾਗਾਟਾ ਮਾਰੂ ਵਾਲੇ ਥਾਂ ਖ਼ਾਲੀ ਸੁੰਞੇ ਸਮੁੰਦਰ ਦੇ ਕੰਢੇ ਦਾ ਦ੍ਰਿਸ਼ ਵਿਖਾਇਆ ਜਾਂਦਾ ਹੈ। ਇਸ ਸਮੇਂ ਜਾਲੀਦਾਰ ਪਰਦੇ ਪਿੱਛੇ ਲਾਲ ਰੌਸ਼ਨੀ ਬੁਝਾ ਦਿੱਤੀ ਜਾਂਦੀ ਹੈ ਤੇ ਮੇਜ਼ ਕੁਰਸੀ ਚੁੱਕ ਦਿੱਤੇ ਜਾਂਦੇ ਹਨ — ਜਾਲੀ ਵਾਲੇ ਥਾਂ ਮੋਟਾ ਪਰਦਾ ਖਿੱਚ ਦਿੱਤਾ ਜਾਂਦਾ ਹੈ ਤੇ ਮੰਚ ਉਤੇ ਕੁਝ ਟੁੱਟੀਆਂ ਲੱਕੜਾਂ ਦੇ ਟੋਟੇ ਤੇ ਪੱਥਰ ਆਦਿ ਰੱਖ ਦਿੱਤੇ ਜਾਂਦੇ ਹਨ।

ਇਸ ਤੋਂ ਅਗਲੀ ਤਬਦੀਲੀ ਉਦੋਂ ਹੁੰਦੀ ਹੈ ਜਦੋਂ ਕਾਮਾਗਾਟਾ ਮਾਰੂ ਬਜਬਜ ਘਾਟ 'ਤੇ ਪਹੁੰਚਦਾ ਹੈ। ਇਸ ਸਮੇਂ ਮੰਚ ਉਤੇ ਇਕ ਘੜਾ ਤੇ ਬੈਂਚ ਆਦਿ ਰੱਖ ਦਿੱਤੇ ਜਾਂਦੇ ਹਨ।

ਪਰ ਇਹਨਾਂ ਤਿੰਨਾਂ ਸੀਨਾਂ ਦੀ ਤਬਦੀਲੀ ਦਾ ਅੰਤਰ ਜ਼ਿਆਦਾ ਸਾਈਨ-ਬੋਰਡ ਲਿਖਣ ਨਾਲ ਉਘੜਦਾ ਹੈ। ਨਾਟਕ ਦੇ ਸ਼ੁਰੂ ਵਿਚ ਹੀ ਤਿੰਨ ਕੱਪੜੇ ਨੀਲੇ ਪਰਦੇ ਉਤੇ ਹੇਠ ਉਤੇ ਲਾ ਦਿੱਤੇ ਜਾਂਦੇ ਹਨ: ਉਪਰਲੇ ਉਤੇ ਲਿਖਿਆ ਜਾਂਦਾ ਹੈ 'ਕਾਮਾਗਾਟਾ ਮਾਰੂ'। ਉਸ ਤੋਂ ਹੇਠਲਾ ਖ਼ਾਲੀ (ਪਰਦੇ ਦੇ ਰੰਗ ਦਾ), ਅਤੇ ਉਸ ਤੋਂ ਹੇਠਲੇ ਉਤੇ ਲਿਖਿਆ ਜਾਂਦਾ ਹੈ 'ਬਜਬਜ ਘਾਟ' (ਕਲਕੱਤਾ) — ਹਰੇਕ ਦ੍ਰਿਸ਼ ਅਨੁਸਾਰ ਕੱਪੜਾ ਬਦਲ ਦਿੱਤਾ ਜਾਂਦਾ ਹੈ।

ਇਮੀਗ੍ਰੇਸ਼ਨ ਵਾਲਾ ਭਾਗ —

ਨਾਟਕ ਦੇ ਅੰਤ ਉਤੇ ਇਮੀਗ੍ਰੇਸ਼ਨ ਦਫ਼ਤਰ ਸੁਪਰੀਮ ਕੋਰਟ ਵਿਚ ਤਬਦੀਲ ਹੋ ਜਾਂਦਾ ਹੈ। ਇਸ ਸਮੇਂ ਇਸ ਹਿੱਸੇ ਵਿਚੋਂ ਮੇਜ਼ ਤੇ ਕੁਰਸੀ ਚੁੱਕ ਕੇ ਉਸ ਉਹਲੇ, ਪਹਿਲਾਂ ਤੋਂ ਹੀ ਰੱਖੀ ਹੋਈ ਤਿੰਨ ਪੌੜਿਆਂ ਵਾਲੀ ਪੌੜੀ ਸਾਹਮਣੇ ਆ ਸਕਦੀ ਹੈ। ਤੇ ਪੌੜੀ ਅੱਗੇ ਲੰਮੀ-ਲਾਲ ਰੰਗ ਦੀ ਦਰੀ ਵੀ ਵਿਛਾਈ ਜਾ ਸਕਦੀ ਹੈ। 'ਇਮੀਗ੍ਰੇਸ਼ਨ' ਵਾਲਾ ਕੱਪੜਾ ਹਟਾ ਦਿੱਤਾ ਜਾਂਦਾ ਹੈ ਤੇ ਹੇਠੋਂ 'ਸੁਪਰੀਮ ਕੋਰਟ' ਵਾਲਾ ਕੱਪੜਾ ਦਿੱਸਣ ਲੱਗ ਪੈਂਦਾ ਹੈ। ਸਾਹਮਣੀ ਦੀਵਾਰ ਉਤੇ ਵੱਖਰੇ ਰੰਗ ਦਾ ਕਪੜਾ ਲਟਕਾ ਦਿੱਤਾ ਜਾਂਦਾ ਹੈ।

ਗੁਰਦਆਰੇ ਵਾਲਾ ਭਾਗ —

ਇਸ ਭਾਗ ਵਿਚਲੇ ਇਕ ਦ੍ਰਿਸ਼ ਵਿਚ ਇਕ ਪਬਲਿਕ ਮੀਟਿੰਗ ਕੀਤੀ ਜਾਂਦੀ ਹੈ — ਜਿਸ ਲਈ ਸਾਈਨ ਬੋਰਡ ਦੀ ਤਬਦੀਲੀ ਤੇ ਤਕਰੀਰ ਕਰਨ ਲਈ ਮੇਜ਼ ਆਸਾਨੀ ਨਾਲ ਲਗਾਏ ਜਾ ਸਕਦੇ ਹਨ।

ਕਿਸੇ ਭਾਗ ਵਿਚ ਸੈੱਟ ਦੀ ਤਬਦੀਲੀ ਸਮੇਂ ਕਾਰਜ ਕਿਸੇ ਹੋਰ ਭਾਗ ਵਿਚ ਚੱਲ ਰਿਹਾ ਹੁੰਦਾ ਹੈ।

## ਰੌਸ਼ਨੀ :

ਇਸ ਨਾਟਕ ਵਿਚ ਰੌਸ਼ਨੀ ਦੀ ਬਹੁਤ ਮਹੱਤਤਾ ਹੈ। ਸਾਰੇ ਮੰਚ ਉਤੇ ਅਕਸਰ ਕਦੇ ਹਨੇਰਾ ਨਹੀਂ ਹੁੰਦਾ। ਤਿੰਨਾਂ ਵਿਚੋਂ ਕਿਸੇ ਇਕ ਭਾਗ ਵਿਚ ਰੌਸ਼ਨੀ ਰਹਿੰਦੀ ਹੈ। ਹਨੇਰੇ ਵਾਲੇ ਹਿੱਸਿਆਂ ਵਿਚ ਪਾਤਰ ਅੰਦਰ ਚਲੇ ਜਾਂਦੇ ਹਨ, ਤੇ ਜੇ ਕੋਈ ਸੈੱਟ ਵਿਚ ਤਬਦੀਲੀ ਕਰਨੀ ਹੋਵੇ ਤਾਂ ਕਰ ਲਈ ਜਾਂਦੀ ਹੈ। ਰੌਸ਼ਨੀ ਦਾ ਇਕ ਭਾਗ ਤੋਂ ਦੂਜੇ ਭਾਗ 'ਤੇ ਸਹੀ ਸਮੇਂ 'ਤੇ ਪੈਣਾ ਬਹੁਤ ਜ਼ਰੂਰੀ ਹੈ ਵੈਨਕੂਵਰ ਵਿਚ ਨਾਟਕ ਖੇਡਣ ਸਮੇਂ ਮੰਚ ਦੇ ਤਿੰਨਾਂ ਭਾਗਾਂ ਵਿਚ ਉਪਰ ਹੇਠਾਂ ਵੱਖਰੇ-ਵੱਖਰੇ ਵੱਡੀ ਪਾਵਰ ਦੇ ਬੱਲਬ ਲਾਏ ਗਏ ਸਨ ਤੇ ਦੂਰੋਂ ਸਪਾਟ ਲਾਈਟਾਂ ਵੀ ਪਾਈਆਂ ਜਾਂਦੀਆਂ ਸਨ। ਜਿਸ ਭਾਗ ਵਿਚ ਦ੍ਰਿਸ਼ ਪਿਛੋਕੜ ਵਿਚ ਸੰਗੀਤ ਜਾਂ ਆਵਾਜ਼ ਰਾਹੀਂ ਪੇਸ਼ ਕੀਤਾ ਗਿਆ, ਉਸ ਭਾਗ ਵਿਚ ਮੰਚ ਉਤੇ ਨੀਲੀ ਰੌਸ਼ਨੀ ਪਾਈ ਗਈ। ਜਿਸ ਭਾਗ ਵਿਚ ਨਾਟਕ ਦਾ ਕਾਰਜ ਚੱਲ ਰਿਹਾ ਹੋਵੇ, ਪਹਿਲਾਂ ਰੌਸ਼ਨੀ ਉਸ ਉਤੇ ਪੈਂਦੀ ਹੈ ਪਰ ਪਿੱਛੋਂ ਪਾਤਰ ਮੰਚ ਦੇ ਨਾਲ ਦੇ ਭਾਗ ਵਿਚ ਵੀ ਤੁਰ ਫਿਰ ਸਕਦੇ ਹਨ। ਇਸ ਤਰ੍ਹਾਂ ਤਿੰਨਾਂ ਭਾਗਾਂ ਦੇ ਪਾਤਰ ਹੀ ਮੰਚ ਦੇ ਵਿਚਕਾਰ ਆ ਕੇ ਅਦਾਕਾਰੀ ਕਰ ਸਕਦੇ ਹਨ।



## ਪਾਤਰ :

(ਰੰਗ-ਮੰਚ 'ਤੇ ਪ੍ਰਵੇਸ਼ ਅਨੁਸਾਰ)

ਬਜ਼ੁਰਗ : ਕਾਮਾਗਾਟਾ ਮਾਰੂ ਦਾ ਇਕ ਬੁੱਢਾ ਮੁਸਾਫ਼ਰ।

ਲੜਕੀ : ਵੀਹ ਸਾਲ ਦੀ ਇਕ ਨੌਜਵਾਨ ਵਿਦਿਆਰਥਣ।

ਔਰਤ : ਅੱਧਖੜ ਉਮਰ ਦੀ ਕਾਮਾਗਾਟਾ ਮਾਰੂ ਦੀ ਮੁਸਾਫ਼ਰ।

ਬੱਚਾ : ਔਰਤ ਦਾ ਦਸ ਸਾਲ ਦਾ ਬੱਚਾ।

ਗਿਆਨੀ ਗੁਰਦਿੱਤ ਸਿੰਘ : ਢਲਦੀ ਉਮਰ ਦਾ, ਕਾਮਾਗਾਟਾ ਮਾਰੂ ਨੂੰ ਲਿਆਉਣ ਵਾਲਾ ਮੋਹਰੀ।

ਦਲਜੀਤ ਸਿੰਘ : ਕਾਮਾਗਾਟਾ ਮਾਰੂ ਦਾ ਨੌਜਵਾਨ ਸਕੱਤਰ।

ਜੀਨ : ਕੈਨੇਡੀਅਨ ਇਮੀਗ੍ਰੇਸ਼ਨ ਮਹਿਕਮੇ ਦੀ ਨੌਜਵਾਨ ਰਿਸੈਪਸ਼ਨਿਸਟ ਤੇ ਅਨੁਵਾਦਕਾ (ਉਮਰ 22-23 ਸਾਲ)।

ਵਿਲੀਅਮ ਹਾਪਕਿਨਸਨ (ਬਿੱਲ) : ਕੈਨੇਡੀਅਨ ਇਮੀਗ੍ਰੇਸ਼ਨ ਦਾ ਇੰਸਪੈਕਟਰ ਅਤੇ ਦੁਭਾਸ਼ੀਆ (ਉਮਰ 35-36 ਸਾਲ)।

ਮੇਵਾ ਸਿੰਘ : ਵੈਨਕੂਵਰ ਦੇ ਪੰਜਾਬੀਆਂ ਦਾ ਇਕ ਮੋਹਰੀ (ਉਮਰ 30-32 ਸਾਲ)।

ਹਸਨ ਰਹੀਮ : ਵੈਨਕੂਵਰ ਵਿਚ ਹਿੰਦੁਸਤਾਨੀਆਂ ਦਾ ਇਕ ਆਗੂ (ਉਮਰ 45-46 ਸਾਲ)।

ਭਾਗ ਸਿੰਘ : ਵੈਨਕੂਵਰ ਖ਼ਾਲਸਾ ਦੀਵਾਨ ਸੋਸਾਇਟੀ ਦਾ ਪ੍ਰਧਾਨ (ਉਮਰ 40-42 ਸਾਲ)।

ਤੇ

ਬੇਲਾ ਸਿੰਘ, ਐਡਵਰਡ ਬਰਡ ਤੇ ਚਾਰ ਪੰਜ ਆਦਮੀ।

## ਸਥਾਨ ਅਤੇ ਸਮਾਂ :

ਵੈਨਕੂਵਰ (ਕੈਨੇਡਾ)

ਬਜਬਜ ਘਾਟ (ਕਲਕੱਤਾ)

ਆਰੰਭਕ ਸੀਨ ਦਾ ਸਮਾਂ : ਵਰਤਮਾਨ

ਨਾਟਕ ਦਾ ਸਮਾਂ : 1914

## ਪੇਸ਼ਕਾਰੀ :

'ਕਾਮਾਗਾਟਾ ਮਾਰੂ', 27 ਅਕਤੂਬਰ, 1979 ਨੂੰ ਵੈਨਕੂਵਰ ਵਿਚ ਡੇਵਿਡ ਥਾਮਪਸਨ ਸੈਕੰਡਰੀ ਸਕੂਲ ਦੇ ਆਡੀਟੋਰੀਅਮ ਵਿਚ ਖੇਡਿਆ ਗਿਆ, ਜਿਸ ਵਿਚ ਹੇਠ ਲਿਖੇ ਕਲਾਕਾਰਾਂ ਨੇ ਭਾਗ ਲਿਆ।

(ਪ੍ਰਵੇਸ਼ ਅਨੁਸਾਰ)

ਸੁਖਵੰਤ ਢੀਂਡਸਾ : ਬਜ਼ੁਰਗ
ਪੁਸ਼ਪਿੰਦਰ : ਵਿਦਿਆਰਥਣ
ਅੰਮ੍ਰਿਤ ਮਾਨ : ਔਰਤ
ਸੁਰਤੀ : ਬੱਚਾ
ਗੁਰਚਰਨ ਦੂਆ : ਗਿਆਨੀ ਗੁਰਦਿੱਤ ਸਿੰਘ
ਇੰਦਰਜੀਤ : ਦਲਜੀਤ ਸਿੰਘ
ਸੁਰਜੀਤ ਕਲਸੀ : ਜੀਨ
ਇੰਦਰੇਸ਼ : ਵਿਲੀਅਮ ਹਾਪਕਿਨਸਨ
ਭੂਪਿੰਦਰ ਧਾਲੀਵਾਲ : ਮੇਵਾ ਸਿੰਘ
ਚਰਨਜੀਤ ਸਿੱਧੂ : ਹਸਨ ਰਹੀਮ
ਭਵਖੰਡਣ : ਭਾਗ ਸਿੰਘ
ਭਰਪੂਰ ਮਾਨ : ਬੇਲਾ ਸਿੰਘ
ਗੁਰਚਰਨ ਟੱਲੇਵਾਲੀਆ,
ਸਾਹਿਬ ਧਾਲੀਵਾਲ : ਹੋਰ ਆਦਮੀ

ਪ੍ਰੋਡਿਊਸਰ : ਵਤਨੋਂ ਦੂਰ ਆਰਟ ਫ਼ਾਊਂਡੇਸ਼ਨ
ਸੰਗੀਤ : ਨਰਿੰਦਰ ਭਾਗੀ, ਸੁਦਰਸ਼ਨ
ਰੌਸ਼ਨੀ : ਪਾਲ ਬਿਨਿੰਗ
ਮੇਕ ਅੱਪ : ਉਦੇ ਕੇਰਟਾਣਾ
ਨਿਰਦੇਸ਼ਨ ਅਤੇ
ਸੈੱਟ ਡਿਜ਼ਾਈਨ : ਅਜਮੇਰ ਰੋਡੇ



## ਆਰੰਭਕ ਦ੍ਰਿਸ਼

ਪਰਦਾ ਬੰਦ ਹੈ।

[ ਨਾਟਕ ਸ਼ੁਰੂ ਹੋਣ ਤੋਂ ਪਹਿਲਾਂ ਹਾਲ ਵਿਚ ਚਲ ਰਿਹਾ ਸੰਗੀਤ ਹੌਲੀ ਹੌਲੀ ਬੰਦ ਹੁੰਦਾ ਹੈ। ਇਕ ਬਜ਼ੁਰਗ : ਖੁਲ੍ਹੀ ਚਿੱਟੀ ਦਾੜ੍ਹੀ, ਚਿੱਟੀ ਪੱਗੜੀ, ਕਰੀਮ ਰੰਗ ਦਾ ਪਜਾਮਾ ਕੁੜਤਾ, ਪ੍ਰਭਾਵਸ਼ਾਲੀ ਚਿਹਰਾ, ਸਟੇਜ ਉੱਤੇ ਸੱਜੇ ਪਾਸਿਓਂ ਦਾਖ਼ਲ ਹੁੰਦਾ ਹੈ। ਹੱਥ ਵਿਚ ਖੂੰਡੀ ਹੈ। ਉਹ ਹੌਲੀ ਹੌਲੀ ਪਰਦੇ ਦੇ ਨਾਲ ਨਾਲ ਤੁਰਦਾ ਹੈ, ਕਦੀ ਕਦਾਈਂ ਰੁਕ ਕੇ ਪਰਦੇ ਨੂੰ ਵੇਖਦਾ ਹੈ ਜਿਵੇਂ ਕੁਝ ਅੰਦਾਜ਼ਾ ਲਾ ਰਿਹਾ ਹੋਵੇ। ਫਿਰ ਅੱਗੇ ਤੁਰ ਪੈਂਦਾ ਹੈ। ਇਸੇ ਸਮੇਂ ਪਿਛੋਕੜ ਵਿਚ ਹਲਕਾ ਹਲਕਾ ਉਤਸੁਕਤਾ ਵਾਲਾ ਸੰਗੀਤ ਵੱਜਣਾ ਸ਼ੁਰੂ ਹੁੰਦਾ ਹੈ। ਬਜ਼ੁਰਗ ਸਟੇਜ ਦੇ ਖੱਬੇ ਸਿਰੇ ਤੋਂ ਜਾ ਕੇ ਫਿਰ ਵਾਪਿਸ ਮੁੜਦਾ ਹੈ। ਫੇਰ ਪਰਦੇ ਵੱਲ ਗਹੁ ਨਾਲ ਵੇਖਦਾ ਹੈ ਜਿਵੇਂ ਅੰਦਰ ਜਾਣ ਵਾਸਤੇ ਜੱਕੋਤੱਕੀ ਵਿਚ ਹੋਵੇ। ਇਸ ਸਮੇਂ ਪਰਦਾ ਥੋੜ੍ਹਾ ਜਿਹਾ ਖੁਲ੍ਹਦਾ ਹੈ, ਅੰਦਰੋਂ ਇਕ ਨੌਜਵਾਨ ਲੜਕੀ ਨਿਕਲਦੀ ਹੈ। ਕਾਲੇ ਖੁੱਲ੍ਹੇ ਵਾਲ, ਪੱਛਮੀ ਪਹਿਰਾਵਾ, ਹੱਥ ਵਿਚ ਕੋਈ ਪੁਸਤਕ। ਉਹ ਇਕ ਪਲ ਰੁਕ ਕੇ ਬਜ਼ੁਰਗ ਵੱਲ ਵੇਖਦੀ ਹੈ। ਉਸ ਨੂੰ ਉਲਝਣ ਵਿਚ ਵੇਖ ਕੇ ਸਤਿਕਾਰ ਨਾਲ ਰਤਾ ਕੁ ਝੁਕਦੀ ਹੈ। ]

ਲੜਕੀ :
ਬਾਬਾ, ਤੁਸੀਂ ਕਿਧਰੇ ਰਾਹ ਭੁੱਲ ਗਏ ਹੋ?

ਬਜ਼ੁਰਗ :
ਨਹੀਂ, ਬੇਟੀ, ਰਾਹ ਤਾਂ ਨਹੀਂ ਭੁੱਲਿਆ — ਇਹ ਸੈਕਿੰਡ ਐਵਿਨਿਊ ਹੀ ਹੈ ਨਾ? ਇਸ ਥਾਂ ਕਿਤੇ ਇਕ ਗੁਰਦੁਆਰਾ ਹੋਣਾ ਚਾਹੀਦੈ। ਮੈਂ ਉੱਥੇ ਜਾਣਾ ਹੈ। ਤੈਨੂੰ ਪਤੈ ਗੁਰਦੁਆਰੇ ਦਾ?

ਲੜਕੀ :

ਡੈਡੀ ਦੱਸਦੇ ਸੀ ਇਥੇ ਇਕ ਪੁਰਾਣਾ ਗੁਰਦੁਆਰਾ ਹੁੰਦਾ ਸੀ, ਪਰ ਉਹ ਤਾਂ... ਕੁਝ ਸਾਲ ਪਹਿਲਾਂ ਵੇਚ ਦਿੱਤਾ ਸੀ, ਗੁਰਦੁਆਰੇ ਵਾਲਿਆਂ ਨੇ।

ਬਜ਼ੁਰਗ :

ਹੈਂ ! ਵੇਚ ਦਿੱਤਾ ਸੀ ?... ਉਹ ਗੁਰਦੁਆਰਾ ਵੇਚ ਦਿੱਤਾ।

ਲੜਕੀ :

ਹਾਂ, ਕਿਉਂ ਬਾਬਾ ?

ਬਜ਼ੁਰਗ :

ਕਿਸ ਨੇ ਖ਼ਰੀਦਿਆ ਉਹ ਗੁਰਦੁਆਰਾ ?

ਲੜਕੀ :

ਪਤਾ ਨਹੀਂ। ਹੁਣ ਤਾਂ ਉਥੇ ਅਪਾਰਟਮੈਂਟ ਬਣੇ ਹੋਏ ਨੇ, ਮੈਂ ਉਥੇ ਹੀ ਰਹਿੰਦੀ ਹਾਂ।

ਬਜ਼ੁਰਗ :

(ਕੁਝ ਰੁਕ ਕੇ) ਬੇਟੀ, ਮੈਨੂੰ ਉਹ ਥਾਂ ਦੱਸ ਜਿੱਥੇ ਗੁਰਦੁਆਰਾ ਹੁੰਦਾ ਸੀ।

ਲੜਕੀ :

(ਸਟੇਜ ਦੀ ਸੱਜੀ ਨੁੱਕਰ ਵੱਲ ਇਸ਼ਾਰਾ ਕਰਕੇ) ਓਧਰ ਹੁੰਦਾ ਸੀ ਗੁਰਦੁਆਰਾ, ਬਾਬਾ, ਉਸ ਥਾਂ।

[ ਬਜ਼ੁਰਗ ਪਰਦੇ ਦੇ ਅੰਦਰ ਜਾਂਦਾ ਹੈ, ਸੱਜੇ ਪਾਸੇ। ਕੁੜੀ ਉਸ ਨੂੰ ਪਿੱਛੋਂ ਵੇਖਦੀ ਹੈ। ਸੰਗੀਤ ਉੱਚਾ ਹੋ ਜਾਂਦਾ ਹੈ। ਪਲ ਕੁ ਪਿੱਛੋਂ ਬਜ਼ੁਰਗ ਬਾਹਰ ਆਉਂਦਾ ਹੈ। ]

ਲੜਕੀ :

ਵੇਖ ਆਏ ਓ ਬਾਬਾ, ਗੁਰਦੁਆਰੇ ਵਾਲੀ ਥਾਂ ?

ਬਜ਼ੁਰਗ :

ਹਾਂ ਬੇਟੀ, ਉਸ ਥਾਂ ਨੂੰ ਨਮਸਕਾਰ ਕਰਕੇ ਆਇਆ ਹਾਂ ਜਿੱਥੇ ਗੁਰਦੁਆਰਾ ਹੁੰਦਾ ਸੀ ! (ਗੱਚ ਭਰ ਆਉਂਦਾ ਹੈ)

ਲੜਕੀ :

(ਬਜ਼ੁਰਗ ਵੱਲ ਗਹੁ ਨਾਲ ਵੇਖਦੀ ਹੋਈ) ਬਾਬਾ, ਤੁਹਾਡੀਆਂ ਅੱਖਾਂ 'ਚ...



ਬਜ਼ੁਰਗ :

(ਭਰੀ ਆਵਾਜ਼ ਨਾਲ) ਹਾਂ ਬੇਟੀ, ਜੋ ਕੌਮ ਆਪਣਾ ਇਤਿਹਾਸ ਨਹੀਂ ਸੰਭਾਲ ਸਕਦੀ, ਉਹ ਮਹਾਨ ਨਹੀਂ ਬਣ ਸਕਦੀ। ਅੱਜ ਮੈਨੂੰ ਆਪਣੀ ਕੌਮ 'ਤੇ ਰੋਣ ਆਇਆ ਹੈ !

ਲੜਕੀ :

ਕਿਉਂ ਬਾਬਾ ?

ਬਜ਼ੁਰਗ :

ਇਹ ਉਹ ਗੁਰਦੁਆਰਾ ਸੀ ਜਿੱਥੇ ਹਿੰਦੁਸਤਾਨੀਆਂ ਨੇ ਬੈਠ ਕੇ ਇਤਿਹਾਸਿਕ ਫ਼ੈਸਲੇ ਕੀਤੇ, ਅਤੇ ਇਨ੍ਹਾਂ ਫ਼ੈਸਲਿਆਂ ਉੱਤੇ ਡਟੇ ਰਹਿਣ ਲਈ ਆਪਣਾ ਲਹੂ ਤੱਕ ਡੋਲ੍ਹਿਆ। ਇਥੇ ਹੀ ਤਾਂ ਕਾਮਾਗਾਟਾ ਮਾਰੂ ਦੇ ਮੁਸਾਫ਼ਰਾਂ ਨੂੰ ਉਤਾਰਨ ਖ਼ਾਤਰ ਜਦੋਜਹਿਦ ਹੋਈ ਸੀ। ਇਥੇ ਈ ਬਲਵੰਤ ਸਿੰਘ, ਸੋਹਣ ਲਾਲ ਅਤੇ ਹਸਨ ਰਹੀਮ ਵਰਗੇ ਆਗੂਆਂ ਨੇ ਆਪਣੇ ਨਿਰਜਿੰਦ ਲੋਕਾਂ ਵਿਚ ਅਣਖ ਦੀ ਚਿਣਗ ਭਖਾਈ ਸੀ। ਭਾਗ ਸਿੰਘ ਇਥੇ ਹੀ ਸ਼ਹੀਦ ਕੀਤਾ ਗਿਆ। ਇਥੋਂ ਹੀ ਮੇਵਾ ਸਿੰਘ ਨੂੰ ਸ਼ਹੀਦੀ ਲਈ ਪ੍ਰੇਰਨਾ ਮਿਲੀ। ਤੇ ਹੁਣ, ਹੁਣ ਕੀ ਰਹਿ ਗਿਐ ? ਇਥੇ ਕੀ ਬਣ ਗਿਐ ?

ਲੜਕੀ :

(ਸਿਰ ਹਿਲਾਉਂਦੀ ਹੋਈ) ਇਹ ਗੁਰਦੁਆਰਾ ਤਾਂ ਫੇਰ ਸਾਡੇ ਲਈ ਸੱਚਮੱਚ ਹੀ ਇਕ ਮਹਾਨ ਥਾਂ ਸੀ, ਬਾਬਾ ਜੀ !

ਬਜ਼ੁਰਗ :

ਇਹ ਗੁਰਦੁਆਰਾ ਸਾਰੇ ਹਿੰਦੁਸਤਾਨੀਆਂ ਦਾ ਸਾਂਝਾ ਥਾਂ ਸੀ। ਮਨੁੱਖੀ ਹਮਦਰਦੀ ਤੇ ਕੁਰਬਾਨੀ ਦਾ ਸੋਮਾਂ। ਕਾਮਾਗਾਟਾਮਾਰੂ ਲਈ ਲੋਕਾਂ ਨੇ ਜਾਨਾਂ ਤੱਕ ਵਾਰ ਦਿੱਤੀਆਂ। ਨਹੀਂ ਤਾਂ ਕਾਮਾਗਾਟਾ ਮਾਰੂ ਦੇ ਮੁਸਾਫ਼ਰ ਇਥੇ ਕਿਸੇ ਦੇ ਕੀ ਲੱਗਦੇ ਸਨ। ਤੂੰ ਹੀ ਦੱਸ ਬੇਟੀ, ਅਸੀਂ ਕਿਸੇ ਦੇ ਕੀ ਲੱਗਦੇ ਸਾਂ ?

ਲੜਕੀ :

(ਉਤਸੁਕਤਾ ਤੇ ਹੈਰਾਨੀ ਨਾਲ) ਬਾਬਾ ਜੀ, ਤੁਸੀ...ਵੀ ਉਦੋਂ ਆਏ ਸੀ ?...

ਬਜ਼ੁਰਗ :

ਹਾਂ ਬੇਟੀ, ਮੈਂ ਵੀ ਕਾਮਾਗਾਟਾ ਮਾਰੂ ਵਿਚ ਇਕ ਮੁਸਾਫ਼ਰ ਸਾਂ।

ਲੜਕੀ :

(ਹੈਰਾਨੀ ਨਾਲ) ਹੈਂ ! ਤੁਸੀਂ ਕਾਮਾਗਾਟਾ ਮਾਰੂ ਵਿਚ ਮੁਸਾਫ਼ਰ ਸੋ ?

ਬਜ਼ੁਰਗ :

ਹਾਂ ਬੇਟੀ। ਜਦੋਂ ਅਸੀਂ ਜਹਾਜ਼ ਵਿਚ ਬੈਠੇ ਗਰਮੀ ਵਿਚ ਸੜ ਰਹੇ ਸਾਂ, ਭੁੱਖੇ ਤਿਹਾਏ ਮਰ ਰਹੇ ਸਾਂ, ਤਾਂ ਇਸ ਗੁਰਦੁਆਰੇ ਵਾਲਿਆਂ ਨੇ ਦਿਨ ਰਾਤ ਇੱਕ ਕਰ ਦਿੱਤਾ। ਜਾਨ ਦੀ ਪਰਵਾਹ ਨਾ ਕਰਦਿਆਂ ਸਾਨੂੰ ਰਾਸ਼ਨ ਪਹੁੰਚਾਇਆ, ਸਾਨੂੰ ਉਤਾਰਨ ਲਈ ਸਰਕਾਰ ਨਾਲ ਟੱਕਰ ਲਈ। ਸਾਡੇ ਮਨਾਂ ਵਿਚ ਅਥਾਹ ਸਤਿਕਾਰ ਪੈਦਾ ਹੋ ਗਿਆ। ਪਰ ਉਦੋਂ ਅਸੀਂ ਇਹ ਗੁਰਦੁਆਰਾ ਵੇਖਣ ਨੂੰ ਤਰਸਦੇ ਹੀ ਪਿਛਾਂਹ ਮੁੜ ਗਏ। ਹੁਣ ਸੋਚਿਆ, ਮਰਨ ਤੋਂ ਪਹਿਲਾਂ ਇਸ ਗੁਰਦੁਆਰੇ ਦੇ ਦਰਸ਼ਨ ਜ਼ਰੂਰ ਕਰਨੇ ਹਨ। ਬੱਸ ਇਸੇ ਲਈ ਹਿੰਦੁਸਤਾਨ ਤੋਂ ਆਇਆ ਹਾਂ।

ਲੜਕੀ :

ਮੈਨੂੰ ਬਹੁਤ ਅਫ਼ਸੋਸ ਹੈ ਬਾਬਾ ਜੀ, ਤੁਹਾਡੇ ਦਿਲ ਦੀ ਤਮੰਨਾ ਪੂਰੀ ਨਹੀਂ ਹੋ ਸਕੀ।

ਬਜ਼ੁਰਗ :

ਹਾਂ ਬੇਟੀ, ਹੁਣ ਤਾਂ ਇਹ ਅਧੂਰੀ ਤਮੰਨਾ ਨਾਲ ਹੀ ਮਰਨਾ ਪਵੇਗਾ।

ਲੜਕੀ :

ਪਰ ਮੈਂ ਤੁਹਾਥੋਂ ਕਾਮਾਗਾਟਾ ਮਾਰੂ ਦੀ ਕਹਾਣੀ ਜ਼ਰੂਰ ਸੁਣਨੀ ਹੈ, ਬਾਬਾ ਜੀ। ਮੈਂ ਇਹ ਕਹਾਣੀ ਲਿਖਣਾ ਚਾਹੁੰਦੀ ਹਾਂ। ਮੈਂ ਇਤਿਹਾਸ ਦੀ ਵਿਦਿਆਰਥਣ ਹਾਂ।

[ ਬਜ਼ੁਰਗ ਨਾਂਹ ਵਿਚ ਸਿਰ ਹਿਲਾਉਂਦਾ ਹੈ। ]

ਕਿਉਂ ਬਾਬਾ ਜੀ? ਮੈਨੂੰ ਇਸ ਵਿਚ ਸੱਚਮੁੱਚ ਬਹੁਤ ਦਿਲਚਸਪੀ ਹੈ। ਜੇ ਅਸੀਂ ਆਪਣਾ ਇਤਿਹਾਸ ਗੁਰਦੁਆਰਾ ਕਾਇਮ ਰੱਖ ਕੇ ਨਹੀਂ ਸਾਂਭ ਸਕੇ ਤਾਂ ਹੁਣ ਲਿਖ ਕੇ ਤਾਂ ਸਾਂਭ ਸਕਦੇ ਹਾਂ। ਮੈਂ ਤੁਹਾਥੋਂ ਕਾਮਾਗਾਟਾ ਮਾਰੂ ਦੀ ਕਹਾਣੀ ਜ਼ਰੂਰ ਸੁਣਨੀ ਹੈ, ਵਿਸਥਾਰ ਵਿਚ।

ਬਜ਼ੁਰਗ :

ਕਾਮਾਗਾਟਾ ਮਾਰੂ ਦੀ ਕਹਾਣੀ ਕਿਸੇ ਨਾਵਲ ਦੀ ਕਹਾਣੀ ਨਹੀਂ ਬੇਟੀ, ਜਿਸ ਨੂੰ ਪੜ੍ਹ ਕੇ ਸੁਣਾ ਸਕਾਂ।... ਇਹ ਇਕ ਹਕੀਕਤ ਹੈ ਜੋ ਅੱਗ ਵਾਂਗ ਲਾਟੀਂ ਬਲ੍ਹ ਰਹੀ ਹੈ। ਅੱਜ ਵੀ ਨਸਲਾਂ, ਕੌਮਾਂ, ਤੇ ਰੰਗਾਂ ਦੇ ਨਾਂ 'ਤੇ ਕਿੰਨੀ ਬੇਇਨਸਾਫ਼ੀ ਹੋ ਰਹੀ ਹੈ। ਕਿੰਨੇ ਹੀ ਲੋਕ ਸ਼ਰਮਿੰਦਗੀ ਨੂੰ ਕੌੜੀ ਨਿੰਮ ਵਾਂਗ ਪੀ ਕੇ ਜੀਵੀ ਜਾ ਰਹੇ ਹਨ। ਕਾਮਾਗਾਟਾ ਮਾਰੂ ਦੇ ਮੁਸਾਫ਼ਰਾਂ ਨੇ



ਇਸ ਬੇ-ਇਨਸਾਫ਼ੀ ਨੂੰ ਉੱਚੀ ਬਾਂਹ ਕਰਕੇ ਲਲਕਾਰਿਆ। ਜਾਬਰਾਂ ਨੂੰ ਵੰਗਾਰਿਆ। ਜਵਾਬ ਵਿਚ ਉਨ੍ਹਾਂ ਨੂੰ ਗੋਲੀਆਂ ਮਿਲੀਆਂ। ਪਰ ਉਨ੍ਹਾਂ ਉੱਚੀ ਉਠਾਈ ਬਾਂਹ ਨੀਵੀਂ ਨਾ ਕੀਤੀ ਤਾਂ ਜੋ ਸਾਡੀਆਂ ਆਉਣ ਵਾਲੀਆਂ ਨਸਲਾਂ ਦੀ ਧੌਣ ਸਦਾ ਲਈ ਨਾ ਝੁਕ ਜਾਏ। (ਰੁੱਕ ਕੇ) ਕਾਮਾਗਾਟਾ ਮਾਰੂ ਦਾ ਸਾਕਾ ਦਸਦਿਆਂ ਕਾਲਜਾ ਪਾਟਦਾ ਹੈ। ਉਹਦੀ ਯਾਦ ਝਰਨਾਹਟ ਛੇੜ ਦਿੰਦੀ ਹੈ, ਬੇਟੀ।

ਲੜਕੀ :

ਇਸੇ ਲਈ ਤਾਂ ਇਹ ਕਹਾਣੀ ਮੈਂ ਸੁਣਨਾ ਚਾਹੁੰਦੀ ਹਾਂ, ਬਾਬਾ ਜੀ। ਹੁਣ ਤਾਂ ਤੁਹਾਨੂੰ ਜ਼ਰੂਰ ਸੁਨਾਉਣੀ ਪਏਗੀ।

ਬਜ਼ੁਰਗ :

ਪਰ ਕੋਈ ਅਜਿਹੀ ਥਾਂ ਹੈ ਜਿੱਥੇ ਬੈਠ ਕੇ ਮੈਂ ਕਾਮਾਗਾਟਾ ਮਾਰੂ ਦੀ ਕਥਾ ਸੁਣਾ ਸਕਾਂ? ਜਿਥੇ ਮਾਰੂ ਦੀ ਯਾਦ ਹੜ੍ਹ ਵਾਂਗ ਆਏ? (ਇਸ਼ਾਰਾ ਕਰਕੇ) ਕੀ ਇਸ ਅਪਾਰਟਮੈਂਟ ਦੇ ਕਬੂਤਰਖ਼ਾਨੇ ਵਿਚ ਬੈਠ ਕੇ ਸੁਣਾਵਾਂ ਕਹਾਣੀ? ਹੈ ਕੋਈ ਥਾਂ?

ਲੜਕੀ :

ਹਾਂ ਬਾਬਾ ਜੀ, ਇਕ ਥਾਂ ਹੈ!

ਬਜ਼ੁਰਗ :

(ਲੜਕੀ ਵੱਲ ਹੈਰਾਨੀ ਨਾਲ ਵੇਖ ਕੇ) ਕਿਹੜੀ?

ਲੜਕੀ :

ਸਮੁੰਦਰ ਦੇ ਕੰਢੇ। ਜਿੱਥੇ ਕਾਮਾਗਾਟਾ ਮਾਰੂ ਦੋ ਮਹੀਨੇ ਖੜ੍ਹਾ ਰਿਹਾ ਸੀ। (ਉਦਾਸ ਮੂੰਹ ਨਾਲ) ਉਥੇ ਸਮੁੰਦਰ ਦੀਆਂ ਛੱਲਾਂ ਵਿਚ ਅਜੇ ਵੀ ਕਾਮਾਗਾਟਾ ਮਾਰੂ ਦੇ ਬੋਲ ਸੁਣਾਈ ਦੇਂਦੇ ਨੇ।

[ ਬਜ਼ੁਰਗ ਹਾਂ ਵਿਚ ਸਿਰ ਹਿਲਾਉਂਦਾ ਹੈ। ]

ਲੜਕੀ :

(ਬਜ਼ੁਰਗ ਦਾ ਹੱਥ ਫੜ ਕੇ) ਚਲੋ ਬਾਬਾ ਜੀ, ਸਮੁੰਦਰ ਦੇ ਕੰਢੇ ਬੈਠ ਕੇ ਉਹ ਇਤਿਹਾਸ ਦੁਹਰਾਓ ਜਿਸ ਨੇ ਤੁਹਾਨੂੰ ਤੇ ਮੈਨੂੰ ਏਨਾ ਬੇਚੈਨ ਕੀਤਾ ਹੋਇਆ ਹੈ।

[ ਲੜਕੀ ਬਜ਼ੁਰਗ ਦਾ ਹੱਥ ਫੜ ਕੇ ਸਟੇਜ ਦੇ ਖੱਬੇ ਪਾਸੇ ਨੂੰ ਜਾਂਦੀ ਹੈ। ਸੰਗੀਤ ਉਭਰਦਾ ਹੈ। ਸਮੁੰਦਰ

ਦੀਆਂ ਛੱਲਾਂ ਦਾ ਸ਼ੋਰ ਸੁਣਾਈ ਦਿੰਦਾ ਹੈ। ਲੜਕੀ ਤੇ ਬਜ਼ੁਰਗ ਹੌਲੀ ਹੌਲੀ ਸਟੇਜ ਦੇ ਪਿਛਲੇ ਪਾਸੇ ਓਹਲੇ ਹੋ ਜਾਂਦੇ ਹਨ। ਸੰਗੀਤ ਬੰਦ ਹੁੰਦਾ ਹੈ। ਪਿਛੋਕੜ ਵਿਚੋਂ ਆਵਾਜ਼ ਆਉਂਦੀ ਹੈ। ]

ਬਜ਼ੁਰਗ ਦੀ ਆਵਾਜ਼ :

ਇਹ ਗੱਲ ਪਹਿਲੀ ਜੰਗ ਛਿੜਨ ਤੋਂ ਬੱਸ ਮਹੀਨਾ ਦੋ ਮਹੀਨੇ ਪਹਿਲਾਂ ਦੀ ਹੈ। ਜੇਠ ਹਾੜ ਦੇ ਦਿਨ ਸਨ ਜਦੋਂ ਕਾਮਾਗਾਟਾ ਮਾਰੂ ਵੈਨਕੂਵਰ ਦੇ ਸਮੁੰਦਰ ਵਿਚ ਆ ਕੇ ਲੱਗਿਆ।

[ ਇਸ ਸਮੇਂ ਪਰਦਾ ਉਠਦਾ ਹੈ। ]

[ ਰੌਸ਼ਨੀ ਮੰਚ ਦੇ ਖੱਬੇ ਪਾਸੇ, ਕਾਮਾਗਾਟਾ ਮਾਰੂ ਵਾਲੇ ਹਿੱਸੇ 'ਤੇ ਪੈਂਦੀ ਹੈ। ]

ਜਹਾਜ਼ ਵਿਚ ਕੋਈ ਪੌਣੇ ਚਾਰ ਸੌ ਮੁਸਾਫ਼ਰ ਸਨ ਜਿਨ੍ਹਾਂ ਵਿਚ ਬਹੁ-ਗਿਣਤੀ ਪੰਜਾਬੀਆਂ ਦੀ ਸੀ।

[ ਕਾਮਾਗਾਟਾ ਮਾਰੂ ਦੇ ਪਰਦੇ ਪਿਛੋਂ ਮੁਸਾਫ਼ਰਾਂ ਦੀਆਂ ਆਵਾਜ਼ਾਂ, ਤੇ ਸ਼ੋਰ ਉਭਰਦਾ ਹੈ। ]

ਸ਼ਹਿਰ ਦੇ ਵਿਚਕਾਰ ਕੈਨੇਡੀਅਨ ਸਰਕਾਰ ਦਾ ਇਮੀਗ੍ਰੇਸ਼ਨ ਦਫ਼ਤਰ ਸੀ।

[ ਰੌਸ਼ਨੀ ਮੰਚ ਦੇ ਵਿਚਾਲੇ ਇਮੀਗ੍ਰੇਸ਼ਨ ਦਫ਼ਤਰ ਉਤੇ ਪੈਂਦੀ ਹੈ। ]

ਵੈਨਕੂਵਰ ਵਿਚ ਬਾਹਰਲੇ ਦੇਸ਼ਾਂ ਤੋਂ ਆਉਣ ਵਾਲੇ ਸਾਰੇ ਲੋਕਾਂ ਨੂੰ ਕੈਨੇਡਾ ਵਿਚ ਦਾਖ਼ਲ ਹੋਣ ਦੀ ਆਗਿਆ ਇਸੇ ਮਹਿਕਮੇ ਤੋਂ ਮਿਲਦੀ ਸੀ।
ਤੇ ਸ਼ਹਿਰ ਦੇ ਦੂਜੇ ਸਿਰੇ 'ਤੇ, ਵੈਨਕੂਵਰ ਵਿਚ ਰਹਿੰਦੇ ਹਿੰਦੁਸਤਾਨੀਆਂ ਦਾ ਗੁਰਦੁਆਰਾ ਸੀ।

[ ਰੌਸ਼ਨੀ ਮੰਚ ਦੇ ਸੱਜੇ, ਪਾਸੇ ਗੁਰਦੁਆਰੇ ਉਤੇ ਪੈਂਦੀ ਹੈ। ]



ਇਹ ਗੁਰਦਆਰਾ ਸਿਰਫ਼ ਸਿੱਖਾਂ ਦਾ ਧਾਰਮਿਕ ਅਸਥਾਨ ਹੀ ਨਹੀਂ, ਸਗੋਂ ਸ਼ਹਿਰ ਭਰ ਦੇ ਹਿੰਦੁਸਤਾਨੀਆਂ — ਸਿੱਖਾਂ, ਮੁਸਲਮਾਨਾਂ, ਹਿੰਦੂਆਂ ਲਈ ਇੱਕਤਰ ਹੋਣ ਦਾ ਸਥਾਨ ਵੀ ਸੀ। ਉਨ੍ਹਾਂ ਦੇ ਸਾਂਝੇ ਫ਼ੈਸਲੇ ਸਭ ਏਸੇ ਥਾਂ ਹੀ ਕੀਤੇ ਜਾਂਦੇ ਸਨ।

ਲੜਕੀ ਦੀ ਆਵਾਜ਼ :

ਬਾਬਾ ਜੀ, ਕਾਮਾਗਾਟਾ ਮਾਰੂ ਸਮੇਂ ਤੁਹਾਡੀ ਉਮਰ ਕਿੰਨੀ ਕੁ ਹੋਵੇਗੀ ?

ਬਜ਼ੁਰਗ ਦੀ ਆਵਾਜ਼ :

ਮੈਂ ਉਸ ਸਮੇਂ ਅਜੇ ਬੱਚਾ ਹੀ ਸਾਂ (ਨਿਮ੍ਹੀ ਜਿਹੀ ਹਾਸੇ ਦੀ ਆਵਾਜ਼) ਮੇਰੀ ਮਾਂ ਮੈਨੂੰ ਪੂਰਨ ਕਹਿ ਕੇ ਬੁਲਾਇਆ ਕਰਦੀ ਸੀ...

[ ਰੌਸ਼ਨੀ ਕਾਮਾਗਾਟਾ ਮਾਰੂ 'ਤੇ ਪੈਂਦੀ ਹੈ। ਇਕ ਔਰਤ ਅਤੇ ਬੱਚਾ ਦਿਖਾਈ ਦਿੰਦੇ ਹਨ। ਬੱਚਾ ਸੌਂ ਰਿਹਾ ਹੈ। ]

ਔਰਤ :

(ਬੱਚੇ ਨੂੰ ਹਲੂਣਦੀ ਹੋਈ) ਪੂਰਨਾ ! ਵੇ ਪੂਰਨਾ, ਉੱਠ ! ਉੱਠ, ਜਾਗ ਮੇਰਾ ਪੁੱਤਰ ! ਆਹ ਵੇਖ ਆਪਾਂ ਕਿੱਥੇ ਆ ਗੇ, ਵੇਖ ਚਾਨਣ ਹੋ ਗਿਆ।

[ ਬੱਚਾ ਅੱਖਾਂ ਮਲਦਾ ਉੱਠ ਬੈਠਦਾ ਹੈ। ]

(ਥੋੜਾ ਜਿਹਾ ਰੁੱਕ ਕੇ) ਆਪਾਂ ਬਹੁਤ ਸੋਹਣੇ ਸ਼ਹਿਰ ਆ ਗਏ ਹਾਂ, ਜਿਸ ਦੀਆਂ ਤਸਵੀਰਾਂ ਆਪਾਂ ਨੂੰ ਚਿੱਠੀਆਂ ਵਿਚ ਆਉਂਦੀਆਂ ਹੁੰਦੀਆਂ ਸੀ। ਬਾਹਰ ਜਾ ਕੇ ਵੇਖ, ਇਥੇ ਪਹਾੜ ਵੀ ਨੇ, ਹਰੇ ਹਰੇ ਦਰਖ਼ਤ ਵੀ, ਆਪਣੇ ਖੇਤਾਂ ਵਰਗੇ।

ਬੱਚਾ :

ਤੇ ਫੁੱਲ, ਤੇ ਚਿੱੜੀਆਂ, ਤੇ ਕਾਂ ਤੇ ਹਰੇ ਤੋਤੇ ?

ਔਰਤ :

ਹਾਂ — ਹਾਂ, ਇਥੇ ਫੁੱਲ ਵੀ ਹੋਣਗੇ, ਚਿੱੜੀਆਂ ਤੋਤੇ ਵੀ ਹੋਣਗੇ। ਉੱਤਰ ਕੇ ਵੇਖੀਂ, ਤੈਨੂੰ ਆਪਣਾ ਖੂਹ ਭੁੱਲ ਜਾਏਗਾ।

ਬੱਚਾ :

ਏਥੇ ਲੋਕ ਵੀ ਆਪਣੇ ਵਰਗੇ ਈ ਐ, ਮਾਂ ?

ਔਰਤ :

ਸਾਰੇ ਲੋਕ ਇੱਕੋ ਜਿਹੇ ਹੁੰਦੇ ਨੇ, ਪੁੱਤਰ। ਆਪਾਂ ਜਦੋਂ ਵੱਡੇ ਸ਼ਹਿਰ ਗਏ ਸੀ ਨਾ ਆਪਣੇ ਦੇਸ, ਉਥੇ ਅੰਗਰੇਜ਼ ਵੇਖੇ ਸੀ ਨਾ ਗੋਰੇ ਗੋਰੇ; ਇਥੇ ਵੀ ਉਹੋ ਜਿਹੇ ਅੰਗਰੇਜ਼ ਰਹਿੰਦੇ ਐ। ਆਪਣੇ ਲੋਕ ਵੀ ਰਹਿੰਦੇ ਐ, ਜਦੋਂ ਆਪਾਂ ਜਹਾਜ਼ ਤੋਂ ਉਤਰੇ, ਤੇਰੇ ਮਾਮੇ ਆਪਾਂ ਨੂੰ ਲੈਣ ਆਉਣਗੇ। ਤੂੰ ਉਹਨਾਂ ਨੂੰ



ਹੱਥ ਜੋੜ ਕੇ ਸਤਿ ਸ੍ਰੀ ਅਕਾਲ ਬੁਲਾਈਂ।

ਬੱਚਾ :

ਮਾਂ, ਗੋਰੇ ਲੋਕ ਚੰਗੇ ਹੁੰਦੇ ਐ ?

ਔਰਤ :

ਹਾਂ ਪੁੱਤਰ, ਸਾਰੇ ਲੋਕ ਈ ਚੰਗੇ ਹੁੰਦੇ ਐ। ਤੂੰ ਇੱਥੇ ਛੇਤੀ ਛੇਤੀ ਅੰਗਰੇਜ਼ੀ ਸਿੱਖ ਲਈਂ। ਫੇਰ ਉਹਨਾਂ ਵਿਚ ਈ ਰਲ਼ ਜਾਵੇਂਗਾ। ਆਪਣੇ ਦੇਸ ਅੰਗਰੇਜ਼ ਰਾਜ ਕਰਦੇ ਐ ਨਾ, ਉਹ ਸਭ ਨੂੰ ਇਕੋ ਜਿਹਾ ਸਮਝਦੇ ਐ। ਇਥੇ ਵੀ ਲੋਕ ਬਹੁਤ ਚੰਗੇ ਐ।
(ਕੁਝ ਰੁਕ ਕੇ) ਚੱਲ ਹੁਣ ਅੰਦਰ। ਕੈਬਿਨ ਵਿਚ ਚੱਲ, ਤੇਰੇ ਕੱਪੜੇ ਬਦਲਾਂ।

[ ਬੱਚੇ ਨੂੰ ਲੈ ਕੇ ਉਹ ਅੰਦਰ ਜਾਂਦੀ ਹੈ।
ਸਮੁੰਦਰ ਦੀਆਂ ਛੱਲਾਂ ਦਾ ਸੰਗੀਤ ਫਿਰ ਉਭਰਦਾ ਹੈ।
ਕੁਝ ਪਲਾਂ ਪਿੱਛੋਂ ਗੁਰਦਿੱਤ ਸਿੰਘ ਬਾਹਰ ਨਿਕਲਦਾ ਹੈ। ਉਮਰ 55 ਸਾਲ। ਗੁਰਦਿੱਤ ਸਿੰਘ ਚਿਹਰੇ 'ਤੇ ਹੱਥ ਫੇਰਦਾ ਹੈ ਅਤੇ ਏਧਰ ਉਧਰ ਵੇਖਦਾ ਹੈ। ਉਸ ਦੇ ਮਗਰ ਹੀ ਦਲਜੀਤ ਸਿੰਘ ਕਾਹਲੀ ਕਾਹਲੀ ਬਾਹਰ ਆਉਂਦਾ ਹੈ। ]

ਦਲਜੀਤ ਸਿੰਘ :

ਸਰਦਾਰ ਜੀ, ਹਾਲਾਤ ਕੁਝ ਠੀਕ ਨਹੀਂ ਦਿਸਦੇ।

ਗੁਰਦਿੱਤ ਸਿੰਘ :

ਕਿਉਂ ?

ਦਲਜੀਤ ਸਿੰਘ :

ਤੁਸੀਂ ਇਧਰ ਆ ਕੇ ਚੁਫੇਰੇ ਨਜ਼ਰ ਤਾਂ ਮਾਰੋ, ਜਹਾਜ਼ ਨੂੰ ਅਗਨਬੋਟਾਂ ਨੇ ਘੇਰਿਆ ਹੋਇਆ ਹੈ।

ਗੁਰਦਿੱਤ ਸਿੰਘ :

(ਹੱਸਦਾ ਹੋਇਆ) ਇਹ ਤਾਂ ਆਪਣੇ ਲਈ ਕੋਈ ਅਚੰਭੇ ਵਾਲੀ ਗੱਲ ਨਹੀਂ ਹੋਣੀ ਚਾਹੀਦੀ। ਇਹ ਤਾਂ ਆਪਾਂ ਰਾਹ ਵਿਚ ਵੀ ਸੋਚਦੇ ਸਾਂ ਕਿ ਮੁਸ਼ਕਲਾਂ ਆਉਣਗੀਆਂ।

ਦਲਜੀਤ ਸਿੰਘ :

ਪਰ ਇਥੋਂ ਤਾਂ ਇਉਂ ਲੱਗਦਾ ਹੈ ਜਿਵੇਂ ਆਪਾਂ ਕੋਈ ਦੋਸ਼ੀ ਹੋਈਏ। ਆਪਣਾ ਜਹਾਜ਼ ਵੀ ਕੰਢੇ ਤੋਂ ਉਰ੍ਹਾਂ ਈ ਰੋਕ ਦਿੱਤਾ ਗਿਐ।

ਗੁਰਦਿੱਤ ਸਿੰਘ :

ਕੈਨੇਡਾ ਦੀ ਸਰਕਾਰ ਆਪਾਂ ਨੂੰ ਇਥੇ ਨਹੀਂ ਚਾਹੁੰਦੀ। ਹੋ ਸਕਦੈ, ਬਹੁਤੇ ਲੋਕਾਂ ਦੀ ਰਾਇ ਵੀ ਆਪਣੇ ਵਿਰੁੱਧ ਬਣ ਚੁੱਕੀ ਹੋਵੇ। ਪਰ ਆਪਾਂ ਫਿਰ ਵੀ ਇਥੇ ਜ਼ਰੂਰ ਉਤਰਾਂਗੇ।

ਦਲਜੀਤ ਸਿੰਘ :

ਇਥੋਂ ਦੀ ਸਰਕਾਰ ਨਾਲ ਟੱਕਰ ਲੈ ਕੇ ?

ਗੁਰਦਿੱਤ ਸਿੰਘ :

ਹਾਂ, ਜੇ ਸਰਕਾਰ ਨਾਲ ਟੱਕਰ ਲੈਣੀ ਵੀ ਪਈ ਤਾਂ ਉਹ ਵੀ ਲੈ ਲਵਾਂਗੇ।

ਦਲਜੀਤ ਸਿੰਘ :

ਕਿਸ ਤਰ੍ਹਾਂ ਦੀ ਟੱਕਰ ?

ਗੁਰਦਿੱਤ ਸਿੰਘ :

ਕਾਨੂੰਨ ਦੀ ਟੱਕਰ। ਜੇ ਸਰਕਾਰ ਨੇ ਆਪਾਂ ਨੂੰ ਉਤਰਨ ਦੀ ਇਜਾਜ਼ਤ ਨਾ ਦਿੱਤੀ ਤਾਂ ਮੈਂ ਕੇਸ ਸੁਪਰੀਮ ਕੋਰਟ ਵਿਚ ਲੈ ਜਾਵਾਂਗਾ। ਇਸ ਹਾਲਤ ਵਿਚ ਸਰਕਾਰ ਦੀ ਅਵੱਸ਼ ਹਾਰ ਹੋਏਗੀ।

ਦਲਜੀਤ ਸਿੰਘ :

ਪਰ ਇਹ ਹਿੰਦੁਸਤਾਨ ਤਾਂ ਨਹੀਂ, ਪਰਾਇਆ ਮੁਲਕ ਐ।

ਗੁਰਦਿੱਤ ਸਿੰਘ :

ਮੁਲਕ ਕੋਈ ਵੀ ਹੋਵੇ, ਅੰਗਰੇਜ਼ੀ ਅਦਾਲਤਾਂ ਦਾ ਸਿਸਟਮ ਸਭ ਥਾਈਂ ਇੱਕੋ ਹੀ ਹੋਵੇਗਾ। ਕੈਨੇਡਾ ਵੀ ਹਿੰਦੁਸਤਾਨ ਵਾਂਗ ਅੰਗਰੇਜ਼ੀ ਰਾਜ ਦੀ ਇਕ ਮੰਡੀ ਹੈ। ਇਥੋਂ ਦੀਆਂ ਅਦਾਲਤਾਂ ਵਿਚ ਵੀ ਪੂਰਾ ਇਨਸਾਫ਼ ਹੋਏਗਾ।

ਦਲਜੀਤ ਸਿੰਘ :

ਇਨਸਾਫ਼ ਦਾ ਤਾਂ ਸ਼ਾਇਦ ਅਦਾਲਤਾਂ ਵਿਚ ਜਾ ਕੇ ਹੀ ਪਤਾ ਲੱਗੇਗਾ।

ਗੁਰਦਿੱਤ ਸਿੰਘ :

ਇਥੇ ਕੁਝ ਮਹੀਨੇ ਪਹਿਲਾਂ ਵਿਕਟੋਰੀਆ ਵਿਚ ਕੁਝ ਪੰਜਾਬੀਆਂ ਨੂੰ ਡਿਪਰੋਟ ਕਰਨ ਦਾ ਹੁਕਮ ਦੇ ਦਿੱਤਾ ਸੀ, ਇਮੀਗ੍ਰੇਸ਼ਨ ਵਾਲਿਆਂ ਨੇ। ਉਹ ਕੇਸ ਨੂੰ ਕੋਰਟ ਵਿਚ ਲੈ ਗਏ। ਜੱਜ ਹੰਟਰ ਨੇ ਇਨਸਾਫ਼ ਨੂੰ ਮੁੱਖ ਰੱਖਦਿਆਂ ਫ਼ੈਸਲਾ ਉਹਨਾਂ ਦੇ ਹੱਕ ਵਿਚ ਦੇ ਦਿੱਤਾ। ਸਰਕਾਰ ਮੂੰਹ ਵੇਖਦੀ ਰਹਿ ਗਈ। ਮੈਨੂੰ ਇਸ ਕੇਸ ਤੋਂ ਬਹੁਤ ਉਤਸ਼ਾਹ ਮਿਲਿਆ ਸੀ।



ਦਲਜੀਤ ਸਿੰਘ :

ਇਹ ਤਾਂ ਹੌਸਲੇ ਵਾਲੀ ਗੱਲ ਹੈ।

ਗੁਰਦਿੱਤ ਸਿੰਘ :

ਸੋ ਜੇ ਕੋਰਟ ਵਿਚ ਜਾਣਾ ਪਿਆ ਤਾਂ ਆਪਾਂ ਵੀ ਜਿੱਤ ਜਾਵਾਂਗੇ।

ਦਲਜੀਤ ਸਿੰਘ :

ਪਰ ਹੋ ਸਕਦੇ ਆਪਾਂ ਕਿਸੇ ਹੋਰ ਕਾਨੂੰਨ ਦੀ ਜਕੜ ਵਿਚ ਫਸ ਜਾਈਏ। ਹੋ ਸਕਦੇ ਹੁਣ ਹਾਲਾਤ ਬਦਲ ਗਏ ਹੋਣ, ਮੈਨੂੰ ਤਾਂ ਪਰਾਏ ਦੇਸ ਆ ਕੇ ਸਰਕਾਰ ਨਾਲ ਟੱਕਰ ਲੈਣੀ ਬੜੀ ਔਖੀ ਗੱਲ ਲੱਗਦੀ ਐ।

ਗੁਰਦਿੱਤ ਸਿੰਘ :

ਨਹੀਂ; ਨਹੀਂ; ਚਿੰਤਾ ਵਾਲੀ ਕੋਈ ਗੱਲ ਨਹੀਂ। ਮੈਂ ਤੁਰਨ ਤੋਂ ਪਹਿਲਾਂ ਹਿੰਦੁਸਤਾਨ ਦੀ ਸਰਕਾਰ ਨਾਲ ਗੱਲ ਕੀਤੀ। ਹਾਂਗਕਾਂਗ ਦੇ ਗਵਰਨਰ ਨੂੰ ਸੂਚਿਤ ਕੀਤਾ। ਹਾਂਗਕਾਂਗ ਦੇ ਕਾਨੂੰਨੀ ਮਾਹਿਰਾਂ ਤੋਂ ਵੀ ਤਸੱਲੀ ਕੀਤੀ। ਕਿਸੇ ਕਿਸਮ ਦੀ ਕਾਨੂੰਨੀ ਊਣਤਾਈ ਨਹੀਂ।

ਦਲਜੀਤ ਸਿੰਘ :

ਹੋ ਸਕਦੈ, ਹਿੰਦੁਸਤਾਨੀਆਂ ਲਈ ਹੁਣ ਕੈਨੇਡਾ ਆਉਣ ਦੀ ਮਨਾਹੀ ਕਰ ਦਿੱਤੀ ਗਈ ਹੋਵੇ।

ਗੁਰਦਿੱਤ ਸਿੰਘ :

ਕੋਈ ਘਬਰਾਉਣ ਵਾਲੀ ਗੱਲ ਨਹੀਂ। ਅਸਲ ਵਿਚ ਕਾਮਾਗਾਟਾ ਮਾਰੂ ਲਿਆਉਣ ਦਾ ਮੇਰਾ ਮੰਤਵ ਹੋਰ ਵੀ ਹੈ। ਮੈਂ ਹਿੰਦੁਸਤਾਨ ਪ੍ਰਤੀ ਕੈਨੇਡਾ ਦੀ ਇਮੀਗ੍ਰੇਸ਼ਨ ਪਾਲਿਸੀ ਨੂੰ ਪਰਖਣਾ ਚਾਹੁੰਦਾ ਹਾਂ। ਕੈਨੇਡਾ ਸਰਕਾਰ ਹਿੰਦੁਸਤਾਨੀਆਂ ਨੂੰ ਇਥੇ ਉਤਰਨੋਂ ਰੋਕ ਸਕਦੀ ਹੈ ਜਾਂ ਨਹੀਂ, ਇਹ ਸਵਾਲ ਹੁਣ ਸਦਾ ਲਈ ਹੱਲ ਹੋ ਜਾਵੇਗਾ।

ਦਲਜੀਤ ਸਿੰਘ :

ਇਹ ਆਪਾਂ ਬਹੁਤ ਔਖੇ ਕੰਮ ਦਾ ਬੀੜਾ ਚੁੱਕਿਐ।

ਗੁਰਦਿੱਤ ਸਿੰਘ :

ਮੈਂ ਹਾਂਗਕਾਂਗ ਵਿਚ ਸਾਲਾਂ ਬੱਧੀ ਰੁਲਦੇ ਆਪਣੇ ਭੈਣ ਭਰਾਵਾਂ ਨੂੰ ਵੇਖ ਨਾ ਸਕਿਆ। ਉਹ ਚੰਗੀ ਕਮਾਈ ਲਈ ਕੈਨੇਡਾ ਆਉਣਾ ਚਾਹੁੰਦੇ ਹਨ। ਉਨ੍ਹਾਂ ਦੇ ਰਾਹ ਵਿਚ ਵਾਧੂ ਅੜਿੱਕੇ ਕਿਉਂ ਪਾਏ ਜਾਂਦੇ ਨੇ।

**ਦਲਜੀਤ ਸਿੰਘ :**

ਪਰ ਤੁਹਾਡੇ ਖ਼ਿਆਲ ਵਿਚ ਕੈਨੇਡਾ ਉਤਰਨ ਦਾ ਸਾਨੂੰ ਹੱਕ ਹੈ ?

**ਗੁਰਦਿੱਤ ਸਿੰਘ :**

ਹਾਂ ਹੈ। ਕੈਨੇਡਾ ਅੰਗਰੇਜ਼ੀ ਕਾਲੋਨੀ ਹੈ, ਅਸੀਂ ਅੰਗਰੇਜ਼ੀ ਨਾਗਰਿਕ ਹਾਂ। ਜਿਸ ਤਰ੍ਹਾਂ ਕੈਨੇਡੀਅਨ, ਆਸਟ੍ਰੇਲੀਅਨ ਲੋਕਾਂ ਨੂੰ ਬਿਨਾਂ ਰੋਕ ਟੋਕ ਹਿੰਦੁਸਤਾਨ ਜਾ ਕੇ ਰਹਿਣ ਦਾ ਹੱਕ ਹੈ, ਸਾਨੂੰ ਵੀ ਇਸੇ ਤਰ੍ਹਾਂ ਕੈਨੇਡਾ ਆ ਕੇ ਰਹਿਣ ਦਾ ਹੱਕ ਹੋਣਾ ਚਾਹੀਦੈ।

**ਦਲਜੀਤ ਸਿੰਘ :**

ਤੁਹਾਡੀ ਇਸ ਗੱਲ ਨਾਲ ਤਾਂ ਮੈਂ ਪੂਰੀ ਤਰ੍ਹਾਂ ਸਹਿਮਤ ਹਾਂ ਤੇ ਜਾਪਦੈ ਆਪਣੀ ਜਿੱਤ ਹੋਵੇਗੀ। ਮੈਨੂੰ ਤੁਹਾਡੀ ਅਗਵਾਈ ਵਿਚ ਪੂਰਾ ਭਰੋਸਾ ਹੈ।

**ਗੁਰਦਿੱਤ ਸਿੰਘ :**

ਤੇ ਮੈਨੂੰ ਅੰਗਰੇਜ਼ੀ ਸਰਕਾਰ ਉਤੇ ਪੂਰਾ ਭਰੋਸਾ ਹੈ। ਮੈਂ ਇੰਡੀਆ ਵਿਚ ਅਦਾਲਤਾਂ ਤੋਂ ਭਲੀ ਭਾਂਤ ਜਾਣੂ ਹਾਂ। ਉਥੇ ਇਨਸਾਫ਼ ਕੀਤਾ ਜਾਂਦਾ ਹੈ।

**ਦਲਜੀਤ ਸਿੰਘ :**

ਪਰ ਜੋ ਮੁਸ਼ਕਲਾਂ ਆਪਾਂ ਨੂੰ ਝਲਣੀਆਂ ਪੈਣੀਆਂ ਨੇ, ਉਹਨਾਂ ਦਾ ਮੁਸਾਫ਼ਰਾਂ ਨੂੰ ਗਿਆਨ ਹੈ ?

**ਗੁਰਦਿੱਤ ਸਿੰਘ :**

ਨਹੀਂ। ਮੈਂ ਉਹਨਾਂ ਨਾਲ ਅਜਿਹਾ ਕੋਈ ਵਿਚਾਰ-ਵਟਾਂਦਰਾ ਨਹੀਂ ਕੀਤਾ, ਉਹ ਅਜੇ ਇਸ ਗੱਲੋਂ ਅਣਜਾਣ ਨੇ।

**ਦਲਜੀਤ ਸਿੰਘ :**

ਪਰ ਉਹ ਤਾਂ ਬਹੁਤ ਆਸਾਂ ਲਾਈ ਬੈਠੇ ਨੇ। ਤੁਹਾਡੇ 'ਤੇ ਉਹਨਾਂ ਨੂੰ ਬਹੁਤ ਵਿਸ਼ਵਾਸ ਹੈ।

**ਗੁਰਦਿੱਤ ਸਿੰਘ :**

ਤੂੰ ਹੁਣ ਜਾ, ਤੇ ਮੁਸਾਫ਼ਰਾਂ ਨੂੰ ਕਹਿ ਕਿ ਅਗਨਬੋਟ ਦੇਖ ਕੇ ਘਬਰਾਉਣ ਦੀ ਲੋੜ ਨਹੀਂ। ਸਭ ਠੀਕ ਹੋ ਜਾਵੇਗਾ।

**ਦਲਜੀਤ ਸਿੰਘ :**

ਬਹੁਤ ਅੱਛਾ।

[ ਦਲਜੀਤ ਸਿੰਘ ਅੰਦਰ ਜਾਂਦਾ ਹੈ, ਗੁਰਦਿੱਤ ਸਿੰਘ ਕੁਝ ਲਿਖਣ ਪੜ੍ਹਨ ਲੱਗ ਜਾਂਦਾ ਹੈ। ]



[ ਰੌਸ਼ਨੀ ਇਮੀਗ੍ਰੇਸ਼ਨ ਦਫ਼ਤਰ ਉੱਤੇ ਪੈਂਦੀ ਹੈ। ਦਫ਼ਤਰ ਦੀ ਰਿਸੈੱਪਸ਼ਨਿਸਟ, ਜੀਨ, ਮੇਜ਼ 'ਤੇ ਬੈਠੀ ਕਾਗਜ਼ ਠੀਕ ਠਾਕ ਕਰ ਰਹੀ ਹੈ।
ਵਿਲੀਅਮ ਹਾਪਕਿਨਸਨ ਕਾਹਲੀ ਕਾਹਲੀ ਦਫ਼ਤਰ ਵਿਚ ਪ੍ਰਵੇਸ਼ ਕਰਦਾ ਹੈ। ]

**ਹਾਪਕਿਨਸਨ :**

ਹਾਇ ਜੀਨ, ਮਿਸਟਰ ਰੀਡ ਅੰਦਰ ਨੇ ?

**ਜੀਨ :**

ਨਹੀਂ ਮਿਸਟਰ ਹਾਪਕਿਨਸਨ, ਉਹ ਤੇਰੇ ਅੱਗੇ ਅੱਗੇ ਬਾਹਰ ਗਏ ਨੇ।

**ਹਾਪਕਿਨਸਨ :**

ਓ, ਕ੍ਰਾਈਸਟ ! (ਜੀਨ ਵੱਲ ਮੂੰਹ ਕਰਦਾ ਹੋਇਆ) ਮੈਂ ਉਹਨਾਂ ਨੂੰ ਛੇਤੀ ਤੋਂ ਛੇਤੀ ਮਿਲਣਾ ਚਾਹੁੰਦਾ ਸਾਂ। ਆਉਣ ਤੋਂ ਪਹਿਲਾਂ ਫ਼ੋਨ ਕੀਤਾ ਸੀ ਪਰ ਫ਼ੋਨ ਬਿਜ਼ੀ ਸੀ।

**ਜੀਨ :**

ਕੀ ਗੱਲ ਏ ਬਿੱਲ, ਬੜਾ ਘਬਰਾਇਆ ਜਾਪਦੈਂ।

**ਹਾਪਕਿਨਸਨ :**

ਮੈਂ ਕਾਮਾਗਾਟਾ ਮਾਰੂ ਤੋਂ ਹੋ ਕੇ ਆਇਆ ਹਾਂ।

**ਜੀਨ :**

(ਕੁਝ ਹੈਰਾਨੀ ਨਾਲ) ਅੱਛਾ ! ਫੇਰ ?

**ਹਾਪਕਿਨਸਨ :**

ਸਾਰਾ ਹਿੰਦੂਆਂ ਨਾਲ ਭਰਿਆ ਹੋਇਐ।

**ਜੀਨ :**

ਫਿਰ ਇਹਦੇ ਵਿਚ ਘਬਰਾਉਣ ਵਾਲੀ ਕਿਹੜੀ ਗੱਲ ਏ ? ਕਾਮਾਗਾਟਾ ਮਾਰੂ ਬਾਰੇ ਤਾਂ ਖ਼ਬਰਾਂ ਕੱਲ੍ਹ ਦੀਆਂ ਹੀ ਆ ਰਹੀਆਂ ਨੇ।

ਹਾਪਕਿਨਸਨ :

ਖਬਰਾਂ ਤਾਂ ਓਦੋਂ ਤੋਂ ਹੀ ਆ ਰਹੀਆਂ ਨੇ ਜਦੋਂ ਦਾ ਇਹ ਜਹਾਜ਼ ਹਾਂਗਕਾਂਗ ਤੋਂ ਚੱਲਿਆ ਹੈ।

ਜੀਨ :

ਫੇਰ ਸਭ ਕੁਝ ਪਹਿਲਾਂ ਪਤਾ ਤਾਂ ਸੀ, ਘਬਰਾਉਣ ਵਾਲੀ ਕਿਹੜੀ ਗੱਲ ਏ ?

ਹਾਪਕਿਨਸਨ :

ਮੈਂ ਗੁਰਦਿੱਤ ਸਿੰਘ ਨੂੰ ਮਿਲਿਆ ਸਾਂ।

ਜੀਨ :

ਅੱਛਾ ? ਕਿਸ ਤਰ੍ਹਾਂ ਲੱਗਾ ?

ਹਾਪਕਿਨਸਨ :

ਬਹੁਤ ਹੁਸ਼ਿਆਰ ਆਦਮੀ ਹੈ।

ਜੀਨ :

ਓ, ਤੇਰੇ ਨਾਲੋਂ ਵੀ ?

ਹਾਪਕਿਨਸਨ :

ਪੂਰਾ ਬਿਜ਼ਨਸਮੈਨ ਹੈ। ਉਸ ਨੂੰ ਸਭ ਦਾਅ ਪੇਚ ਆਉਂਦੇ ਲੱਗਦੇ ਨੇ।

ਜੀਨ :

ਤੈਨੂੰ ਉਸ ਬਾਰੇ ਏਨਾ ਕਿਵੇਂ ਪਤਾ ਲੱਗ ਗਿਆ ?

ਹਾਪਕਿਨਸਨ :

ਮੈਂ ਉਸ ਨੂੰ ਧਮਕੌਣ ਦੀ ਕੋਸ਼ਿਸ਼ ਕੀਤੀ ਸੀ।

ਜੀਨ :

ਧਮਕੌਣ ਦੀ ?

ਹਾਪਕਿਨਸਨ :

ਹਾਂ, ਮੈਂ ਕਿਹਾ ਤੂੰ ਇਥੇ ਜਹਾਜ਼ ਲਿਆ ਕੇ ਕੈਨੇਡੀਅਨ ਕਾਨੂੰਨ ਭੰਗ ਕੀਤਾ ਹੈ। ਤੈਨੂੰ ਹਰ ਹਾਲਤ ਵਿਚ ਵਾਪਸ ਜਾਣਾ ਪਵੇਗਾ। ਤੇ ਭਲਾ ਏਸੇ ਵਿਚ ਐ ਤੂੰ ਜਹਾਜ਼ ਨੂੰ ਹੁਣੇ ਹੀ ਵਾਪਿਸ ਮੋੜ ਲਏਂ।

ਜੀਨ :

ਫੇਰ ?

ਹਾਪਕਿਨਸਨ :

ਉਹ ਹੱਸ ਪਿਆ ਤੇ ਪੁੱਛਣ ਲੱਗਾ, 'ਤੂੰ ਇਮੀਗ੍ਰੇਸ਼ਨ ਮਹਿਕਮੇ ਵਿਚ ਕਿਸ ਹੈਸੀਅਤ ਵਿਚ ਕੰਮ ਕਰਦਾ ਏ ?'



ਜੀਨ :

(ਹੱਸਦੀ ਹੋਈ) ਫੇਰ ਤਾਂ ਉਹਨੇ ਤੇਰਾ ਚੰਗਾ ਰੋਅਬ ਮੰਨਿਆ।

ਹਾਪਕਿਨਸਨ :

ਏਸੇ ਲਈ ਤਾਂ ਮੈਂ ਘਬਰਾਇਆ ਹੋਇਆ ਹਾਂ। ਮੈਂ ਕਿਹਾ, 'ਮੈਂ ਮਿਸਟਰ ਰ੍ਹੀਡ ਦੇ ਹੁਕਮ ਨਾਲ ਇੱਥੇ ਆਇਆ ਹਾਂ। ਮਿਸਟਰ ਰ੍ਹੀਡ ਨੇ ਹੀ ਤੁਹਾਡੇ ਜਹਾਜ਼ ਦਵਾਲੇ ਅਗਨਬੋਟਾਂ ਦਾ ਪਹਿਰਾ ਲਾਇਆ ਏ। ਤੁਸੀਂ ਹੁਣ ਕੈਦੀ ਹੋ। ਮਿਸਟਰ ਰ੍ਹੀਡ ਬਹੁਤ ਸਖ਼ਤ ਨੇ ਤੇ ਕਾਨੂੰਨ ਦੇ ਪਾਬੰਦ ਨੇ।'

ਜੀਨ :

ਫੇਰ ?

ਹਾਪਕਿਨਸਨ :

ਉਸ ਨੇ ਕਿਹਾ, 'ਅਸੀਂ ਮਿਸਟਰ ਰ੍ਹੀਡ ਨਾਲ ਗੱਲਬਾਤ ਕਰ ਰਹੇ ਹਾਂ।'

ਜੀਨ :

ਉਹ ਬੋਲਿਆ ਵੀ ਗੁਸਤਾਖ਼ੀ ਨਾਲ ਸੀ ?

ਹਾਪਕਿਨਸਨ :

ਨਹੀਂ, ਉਹ ਬੋਲਦਾ ਨਿਮਰਤਾ ਨਾਲ ਸੀ ਪਰ ਉਸ ਦੀ ਆਵਾਜ਼ ਵਿਚ ਬੜਾ ਭਰੋਸਾ ਸੀ।

ਜੀਨ :

ਵੱਡਾ ਬਿਜ਼ਨਸਮੈਨ ਹੋਣ ਕਰਕੇ ?

ਹਾਪਕਿਨਸਨ :

ਨਹੀਂ, ਗੁਰਦਿੱਤ ਸਿੰਘ ਨੂੰ ਭੁਲੇਖਾ ਹੈ ਕਿ ਬ੍ਰਿਟਿਸ਼ ਨਾਗਰਿਕ ਹੋਣ ਕਰਕੇ ਉਹ ਕੈਨੇਡੀਅਨ ਲੋਕਾਂ ਦੇ ਬਰਾਬਰ ਹੈ।

ਜੀਨ :

ਇਹ ਗੱਲ ਕਾਨੂੰਨ ਅਨੁਸਾਰ ਤਾਂ ਠੀਕ ਲੱਗਦੀ ਏ। ਅਸੀਂ ਵੀ ਬ੍ਰਿਟਿਸ਼ ਨਾਗਰਿਕ ਹਾਂ, ਹਿੰਦੁਸਤਾਨੀ ਵੀ, ਫੇਰ ਬਰਾਬਰ ਨ-ਬਰਾਬਰ ਹੋਣ ਦਾ ਕੀ ਝਗੜਾ ਹੈ ?

ਹਾਪਕਿਨਸਨ :

ਪਰ ਉਹ ਹਿੰਦੂ ਨੇ। ਹਿੰਦੂ ਗੋਰਿਆਂ ਦੇ ਬਰਾਬਰ ਨਹੀਂ ਹੋ ਸਕਦੇ।

ਜੀਨ।

ਇਹ ਤਾਂ ਤੇਰਾ ਈ ਖ਼ਿਆਲ ਏ। ਬ੍ਰਿਟਿਸ਼ ਸਰਕਾਰ ਨੇ ਉਨ੍ਹਾਂ ਨੂੰ ਜ਼ਰੂਰ ਬਰਾਬਰਤਾ ਦਾ ਦਰਜਾ ਦਿੱਤਾ ਹੋਣੈ। ਹੋ ਸਕਦੈ ਆਪਾਂ ਨੂੰ ਨਾ ਪਤਾ

ਹੋਵੇ।

ਹਾਪਕਿਨਸਨ :

ਪਤਾ ਹੈ। ਜਦੋਂ ਸਤਵੰਜਾ ਵਿਚ ਇੰਡੀਆ ਵਿਚ ਗ਼ਦਰ ਹੋਇਆ ਸੀ ਤਾਂ ਹਿੰਦੂਆਂ ਨੂੰ ਖ਼ੁਸ਼ ਕਰਨ ਵਾਸਤੇ ਬ੍ਰਿਟਿਸ਼ ਸਰਕਾਰ ਨੇ ਕਹਿ ਦਿੱਤਾ ਸੀ ਕਿ ਸਾਰੇ ਬ੍ਰਿਟਿਸ਼ ਨਾਗਰਿਕਾਂ ਨੂੰ ਬ੍ਰਿਟਨ ਅਤੇ ਸਾਰੀਆਂ ਬ੍ਰਿਟਿਸ਼ ਕਾਲੋਨੀਆਂ ਵਿਚ ਬਰਾਬਰ ਦੇ ਅਧਿਕਾਰ ਹੋਣਗੇ। ਕੋਈ ਵੀ ਬ੍ਰਿਟਿਸ਼ ਨਾਗਰਿਕ ਕਿਸੇ ਵੀ ਕਾਲੋਨੀ ਵਿਚ ਜਾ ਕੇ ਰਹਿ ਸਕਦਾ ਹੈ।

ਜੀਨ :

ਫੇਰ ਆਪਾਂ ਕਾਮਾਗਾਟਾ ਮਾਰੂ ਦੇ ਮੁਸਾਫ਼ਰਾਂ ਨੂੰ ਕਿਸ ਆਧਾਰ 'ਤੇ ਰੋਕ ਸਕਦੇ ਹਾਂ।

ਹਾਪਕਿਨਸਨ :

ਤੂੰ ਸੁਣ ਤਾਂ ਸਹੀ। ਫੇਰ ਜਦੋਂ ਅੱਠ ਦਸ ਸਾਲ ਪਹਿਲਾਂ ਏਥੇ ਹਿੰਦੂ ਆਉਣੇ ਸ਼ੁਰੂ ਹੋ ਗਏ ਤਾਂ ਸਾਰਿਆਂ ਨੂੰ ਫ਼ਿਕਰ ਪੈ ਗਿਆ।

ਜੀਨ :

ਕਿਉਂ ?

ਹਾਪਕਿਨਸਨ :

ਸਾਰਿਆਂ ਨੇ ਸੋਚਿਆ ਜੇ ਹਿੰਦੂ ਇਸੇ ਤਰ੍ਹਾਂ ਆਉਂਦੇ ਗਏ ਤਾਂ ਸਾਰਾ ਕੈਨੇਡਾ ਹਿੰਦੂਆਂ ਨਾਲ ਭਰ ਜਾਵੇਗਾ ਤੇ ਗੋਰੇ ਨੁੱਕਰੇ ਲੱਗ ਜਾਣਗੇ।

ਜੀਨ :

ਜਿਵੇਂ, ਆਪਣੇ ਆਉਣ ਨਾਲ ਏਥੋਂ ਦੇ ਰੈੱਡ ਇੰਡੀਅਨ ਨੁੱਕਰੇ ਲੱਗ ਗਏ ਨੇ।

ਹਾਪਕਿਨਸਨ :

ਹਾਂ... ਨਹੀਂ, ਨਹੀਂ, ਪਰ ਅਸੀਂ ਗੋਰੇ ਉਤਮ ਨਸਲ ਦੇ ਹਾਂ, ਹਿੰਦੂਆਂ 'ਤੇ ਇਹ ਗੱਲ ਲਾਗੂ ਨਹੀਂ ਕੀਤੀ ਜਾ ਸਕਦੀ।

ਜੀਨ :

ਮੈਂ ਤੇਰੇ ਨਾਲ ਸਹਿਮਤ ਤਾਂ ਨਹੀਂ ਪਰ ਤੂੰ ਗੱਲ ਜਾਰੀ ਰੱਖ। ਫੇਰ ਕੀ ਹੋਇਆ ?

ਹਾਪਕਿਨਸਨ :

ਫੇਰ ਕੈਨੇਡਾ ਦਾ ਸੈਕਟਰੀ ਲੰਡਨ ਗਿਆ। ਓਥੇ ਅੰਦਰੇ ਅੰਦਰ ਬ੍ਰਿਟਿਸ਼ ਤੇ ਇੰਡੀਆ ਸਰਕਾਰ ਨਾਲ ਗੱਲ ਦਾ ਨਬੇੜਾ ਹੋ ਗਿਆ।



ਜੀਨ :

ਕਿਸ ਗੱਲ ਦਾ ਨਬੇੜਾ ਹੋ ਗਿਆ।

ਹਾਪਕਿਨਸਨ :

ਇਹੋ ਕਿ ਦੁਨੀਆਂ ਵਿਚ ਤਾਂ ਇਹੋ ਪ੍ਰਚਾਰ ਕਰੋ ਕਿ ਸਾਰੇ ਬ੍ਰਿਟਿਸ਼ ਨਾਗਰਿਕ ਬਰਾਬਰ ਨੇ। ਉਂਜ ਜੀਹਨੂੰ ਜੀਅ ਕਰੇ ਕੈਨੇਡਾ ਵਿਚ ਆਉਣ ਦੇਵੋ, ਜੀਹਨੂੰ ਜੀਅ ਕਰੇ ਨਾ ਆਉਣ ਦੇਵੋ।

ਜੀਨ :

ਪਰ ਗੁਰਦਿੱਤ ਸਿੰਘ ਵਰਗਾ ਹੁਸ਼ਿਆਰ ਬੰਦਾ ਇਸ ਗੱਲ ਤੋਂ ਅਣਜਾਣ ਕਿਵੇਂ ਹੋ ਸਕਦਾ ਹੈ ?

ਹਾਪਕਿਨਸਨ :

ਇਸ ਗੁੱਝੇ ਫ਼ੈਸਲੇ ਨੂੰ ਬਹੁਤੀ ਹਵਾ ਨਹੀਂ ਦਿੱਤੀ ਗਈ। ਕੈਨੇਡਾ ਵਿਚ ਵੀ ਸਿਰਫ਼ ਆਪਣੇ ਮਹਿਕਮੇ ਦੇ ਅਫ਼ਸਰਾਂ ਨੂੰ ਹੀ ਪਤਾ ਹੈ।

ਜੀਨ :

ਪਰ ਇੰਡੀਅਨ ਸਰਕਾਰ ਨੂੰ ਤਾਂ ਪਤਾ ਹੈ ?

ਹਾਪਕਿਨਸਨ :

ਇੰਡੀਅਨ ਸਰਕਾਰ ਭਲਾ ਬ੍ਰਿਟਿਸ਼ ਸਰਕਾਰ ਦੇ ਉਲਟ ਕਿਵੇਂ ਜਾ ਸਕਦੀ ਹੈ ? ਇਹ ਸਭ ਕੁਝ ਬ੍ਰਿਟਿਸ਼, ਇੰਡੀਆ ਅਤੇ ਕੈਨੇਡਾ ਸਰਕਾਰ ਦੀ ਸਲਾਹ ਨਾਲ ਈ ਹੋਇਐ। ਇਸੇ ਕਰਕੇ ਤਾਂ ਮਿਸਟਰ ਰੀਡ ਜਿਵੇਂ ਜੀਅ ਕਰੇ ਹਿੰਦੂਆਂ ਨੂੰ ਦਬਾ ਲੈਂਦੇ ਨੇ।

ਜੀਨ :

ਫੇਰ ਉਹ ਬ੍ਰਿਟਿਸ਼ ਜਸਟਿਸ ਕਿਥੇ ਏ, ਜਿਸ 'ਤੇ ਅਸੀਂ ਸਾਰੇ ਮਾਣ ਕਰਦੇ ਹਾਂ ?

ਹਾਪਕਿਨਸਨ :

ਬ੍ਰਿਟਿਸ਼ ਜਸਟਿਸ ? ਬ੍ਰਿਟਿਸ਼ ਜਸਟਿਸ ਉਸੇ ਤਰ੍ਹਾਂ ਸ਼ਾਨਦਾਰ ਹੈ — ਕਾਇਮ ਹੈ। ਕੈਨੇਡਾ ਵਿਚ ਕੈਨੇਡੀਅਨ ਲੋਕਾਂ ਨੂੰ ਪੂਰਾ ਜਸਟਿਸ ਮਿਲਦਾ ਹੈ। ਹਿੰਦੁਸਤਾਨ ਵਿਚ ਹਿੰਦੂਆਂ ਨੂੰ ਹਿੰਦੂਆਂ ਦੇ ਮੁਕਾਬਲੇ ਵਿਚ ਪੂਰਾ ਜਸਟਿਸ ਮਿਲਦਾ ਏ। ਪਰ... ਜਦੋਂ ਹਿੰਦੂ ਅਤੇ ਗੋਰੇ ਦਾ ਸਵਾਲ ਖੜ੍ਹਾ ਹੋ ਜਾਵੇ (ਅੱਖ ਨੱਪ ਕੇ ਇਸ਼ਾਰਾ ਕਰਦਾ ਹੈ) ਉਦੋਂ ਗੱਲ ਹੋਰ ਏ।

ਜੀਨ :

ਫੇਰ ਵੀ, ਮਿਸਟਰ ਰੀਡ ਕਿੱਥੋਂ ਤੱਕ ਆਪਣੇ ਅਧਿਕਾਰ ਵਰਤ ਸਕਦੇ ਹਨ ?

ਹਾਪਕਿਨਸਨ :

ਆਪਣਾ ਏਥੋਂ ਦਾ ਐਮ. ਪੀ. ਹੈ ਨਾ ? ਮਿਸਟਰ ਸਟੀਵਨਜ਼, ਉਹ ਰੀਡ ਦੇ ਪਿੱਛੇ ਹੈ। ਪ੍ਰੀਮੀਅਰ ਬੋਰਡਨ ? ਉਹ ਵੀ ਰੀਡ ਦੇ ਪਿੱਛੇ ਏ। ਉਹ ਜੋ ਜੀਅ ਚਾਹੇ ਕਰ ਸਕਦੇ ਨੇ। ਮਿਸਟਰ ਰੀਡ ਉਹਨਾਂ ਦਾ ਹੁਕਮ ਮੰਨਣ ਲਈ ਹਰ ਸਮੇਂ ਤਿਆਰ ਏ।

ਜੀਨ :

ਤੇ ਤੂੰ ਮਿਸਟਰ ਰੀਡ ਦਾ ਹੁਕਮ ਮੰਨਣ ਲਈ ਹਰ ਸਮੇਂ ਤਿਆਰ ਏਂ।

ਹਾਪਕਿਨਸਨ :

ਤੇ ਮੇਰਾ ਹੁਕਮ ਮੰਨਣ ਲਈ ਬੇਲਾ ਸਿੰਘ ਹਰ ਸਮੇਂ ਤਿਆਰ ਏ।

ਜੀਨ :

ਪਰ ਬੇਲਾ ਸਿੰਘ ਵੀ ਤਾਂ ਹਿੰਦੂ ਈ ਏ, ਉਹ ਤੈਨੂੰ ਕਿਉਂ ਚੰਗਾ ਲੱਗਦੈ ?

ਹਾਪਕਿਨਸਨ :

ਬੇਲਾ ਸਿੰਘ ਦੀ ਗੱਲ ਹੋਰ ਏ। ਉਹ ਸਿਰਫ਼ ਵੇਖਣ ਨੂੰ ਈ ਹਿੰਦੂ ਏ। ਉਂਜ ਉਹ ਸਰਕਾਰ ਦਾ ਪੂਰਾ ਵਫ਼ਾਦਾਰ ਏ, ਬੜੇ ਕੰਮ ਦਾ ਬੰਦਾ ਏ।

ਜੀਨ :

ਮੈਨੂੰ ਤਾਂ ਉਸ ਤੋਂ ਡਰ ਆਉਂਦੈ; ਜਦੋਂ ਕਦੇ ਉਹ ਸਿੱਧਾ ਮੇਰੀਆਂ ਅੱਖਾਂ ਵਿਚ ਵੇਖਦਾ ਹੈ।

ਹਾਪਕਿਨਸਨ :

ਉਹ ਬੜਾ ਦਲੇਰ ਬੰਦਾ ਏ। ਅਸਲ ਵਿਚ ਮੈਨੂੰ ਹੁਣ ਉਸ ਦੀ ਸਖ਼ਤ ਜ਼ਰੂਰਤ ਹੈ।

ਜੀਨ :

ਕਿਉਂ ?

ਹਾਪਕਿਨਸਨ :

ਅੱਜ ਏਥੋਂ ਦੇ ਹਿੰਦੂ ਲੀਡਰਾਂ ਨੇ ਮਿਸਟਰ ਰੀਡ ਨਾਲ ਕਾਮਾਗਾਟਾ ਮਾਰੂ ਬਾਰੇ ਗੱਲਬਾਤ ਕਰਨ ਆਉਣਾ ਹੈ। ਮਿਸਟਰ ਰੀਡ ਉਹਨਾਂ ਨਾਲ ਸਖ਼ਤੀ ਨਾਲ ਪੇਸ਼ ਆਉਣਾ ਚਾਹੁੰਦੇ ਹਨ ਤਾਂ ਕਿ ਉਹ ਕਾਮਾਗਾਟਾ ਮਾਰੂ ਵਿਚ ਕਿਸੇ ਕਿਸਮ ਦਾ ਦਖ਼ਲ ਦੇਣ ਤੋਂ ਸੰਕੋਚ ਕਰਨ।

ਜੀਨ :

ਬੇਲਾ ਸਿੰਘ ਉਹਨਾਂ ਨੂੰ ਧਮਕੌਣ ਦੀ ਕੋਸ਼ਿਸ਼ ਕਰੇਗਾ ?



ਹਾਪਕਿਨਸਨ :

ਨਹੀਂ, ਨਹੀਂ, ਬੇਲਾ ਸਿੰਘ ਉਹਨਾਂ ਦੇ ਪ੍ਰਤੀਕਰਮ ਦਾ ਪਤਾ ਕਰੇਗਾ। ਲੋਕਲ ਹਿੰਦੂ ਜ਼ਰੂਰੀ ਨਹੀਂ ਸਾਡਾ ਦਬਾਅ ਮੰਨ ਲੈਣ। ਹੋ ਸਕਦੈ ਉਹ ਗੁੱਸੇ ਵਿਚ ਆ ਕੇ ਕੋਈ ਖ਼ਤਰਨਾਕ ਕਦਮ ਪੁੱਟ ਲੈਣ।

ਜੀਨ :

(ਗੱਲਬਾਤ ਤੋਂ ਉਕਤਾਉਂਦੀ ਹੋਈ) ਠੀਕ ਏ ਬਿੱਲ, ਜਦੋਂ ਬੇਲਾ ਸਿੰਘ ਆਇਆ, ਤੇਰੇ ਕੋਲ ਭੇਜ ਦੇਵਾਂਗੀ। ਕੋਈ ਫ਼ਿਕਰ ਨਾ ਕਰਨਾ।

ਹਾਪਕਿਨਸਨ :

ਜਿੰਨਾ ਚਿਰ ਕਾਮਾਗਾਟਾ ਮਾਰੂ ਏਥੋਂ ਤੁਰ ਨਹੀਂ ਜਾਂਦਾ, ਮੈਨੂੰ ਚੈਨ ਨਹੀਂ ਆ ਸਕਦਾ। ਜਦੋਂ ਚਲਿਆ ਗਿਆ, ਤੈਨੂੰ ਹੋਟਲ ਵੈਨਕੂਵਰ ਵਿੱਚ ਡਿੱਨਰ ਲਈ ਲੈ ਕੇ ਚਲਾਂਗਾ। ਓ. ਕੇ.।

ਜੀਨ :

(ਮੁਸਕਰਾਉਂਦੀ ਹੋਈ) ਨਹੀਂ, ਮਿਹਰਬਾਨੀ।

✷

[ ਰੌਸ਼ਨੀ ਗੁਰਦੁਆਰੇ 'ਤੇ ਪੈਂਦੀ ਹੈ । ਅੰਦਰੋਂ ਸੰਗੀਤ ਦੀ ਧੁਨ ਸੁਣਦੀ ਹੈ । ਮੇਵਾ ਸਿੰਘ ਤੇ ਹਸਨ ਰਹੀਮ ਗੱਲਾਂ ਕਰਦੇ ਦਿਸਦੇ ਹਨ । ਗੱਲਬਾਤ ਵਿਚ ਉਤਸੁਕਤਾ ਅਤੇ ਤੇਜ਼ੀ ਹੈ । ਸੰਗੀਤ ਹੌਲੀ ਹੌਲੀ ਬੰਦ ਹੋ ਜਾਂਦਾ ਹੈ । ]

ਮੇਵਾ ਸਿੰਘ :

ਹਸਨ ਜੀ, ਤੁਹਾਡਾ ਕੀ ਖ਼ਿਆਲ ਏ, ਆਪਾਂ ਹੋਰ ਉਡੀਕੀਏ ਭਾਗ ਸਿੰਘ ਹੁਰਾਂ ਨੂੰ ਜਾਂ ਚੱਲੀਏ ?

ਹਸਨ ਰਹੀਮ :

ਉਡੀਕ ਲੈਣਾ ਚਾਹੀਦੈ, ਪਤਾ ਨਹੀ ਇਮੀਗ੍ਰੇਸ਼ਨ ਵਾਲਿਆਂ ਦਾ ਕੀ ਰਵੱਈਆ ਹੋਵੇ ।

ਮੇਵਾ ਸਿੰਘ :

ਮੇਰਾ ਖ਼ਿਆਲ ਏ, ਇਮੀਗ੍ਰੇਸ਼ਨ ਵਾਲੇ ਆਪਾਂ ਨੂੰ ਇਕੱਠੇ ਕਾਮਾਗਾਟਾ ਮਾਰੂ 'ਤੇ ਜਾਣ ਦੀ ਇਜਾਜ਼ਤ ਨਹੀਂ ਦੇਣ ਲੱਗੇ । ਮਸਾਂ ਦੋ-ਦੋ, ਚਾਰ-ਚਾਰ ਦੀਆਂ ਟੋਲੀਆਂ ਵਿਚ ਭੇਜਣਗੇ — ਉਹ ਵੀ ਤਲਾਸ਼ੀ ਲੈ ਕੇ ।

ਹਸਨ ਰਹੀਮ :

ਚਲੋ ਦੋ-ਦੋ, ਚਾਰ-ਚਾਰ ਹੀ ਸਹੀ । ਲੋਕ ਆਪਣੇ ਦੋਸਤਾਂ ਮਿੱਤਰਾਂ ਨੂੰ ਤਾਂ ਇਕ ਵਾਰ ਮਿਲ ਲੈਣਗੇ । ਸੁੱਖ ਸੁਨੇਹੇ ਲੈ ਆਉਣਗੇ । ਕੋਈ ਸਹਾਇਤਾ ਚਾਹੀਦੀ ਹੋਈ ਤਾਂ ਉਹ ਦੇ ਦੇਣਗੇ ।

ਮੇਵਾ ਸਿੰਘ :

ਪਰ ਇਉਂ ਜਹਾਜ਼ ਡੱਕ ਛੱਡਣਾ ਬਹੁਤ ਵੱਡੀ ਬੇਇਨਸਾਫ਼ੀ ਐ ।

ਹਸਨ ਰਹੀਮ :

ਆਪਣੇ ਨਾਲ ਇਹਨਾਂ ਇਨਸਾਫ਼ ਕੀਤਾ ਕਦੋਂ ਐਂ ? ਅੱਗੇ ਗਿਆਨੀ ਭਗਵਾਨ ਸਿੰਘ ਹੋਰੀਂ ਆਏ, ਇਮੀਗ੍ਰੇਸ਼ਨ ਵਾਲਿਆਂ ਮੱਲੋਜ਼ੋਰੀ ਕੈਨੇਡਾ



ਵਿੱਚੋਂ ਚੁੱਕ ਕੇ ਬਾਹਰ ਕੱਢ ਦਿੱਤੇ । ਬਲਵੰਤ ਸਿੰਘ ਹੋਰੀਂ ਡੈਪੂਟੇਸ਼ਨ ਲੈ ਕੇ ਇੰਡੀਆ ਵਾਇਸਰਾਏ ਨੂੰ ਮਿਲੇ । ਪਰ ਉਹਨਾਂ ਨਾਲ ਹਮਦਰਦੀ ਕਰਨੀ ਤਾਂ ਇਕ ਪਾਸੇ ਰਹੀ, ਉਲਟਾ ਵਾਇਸਰਾਏ ਧਮਕੀਆਂ ਦੇਣ ਲੱਗ ਪਿਆ । ਵਾਰਨਿੰਗ ਦਿੱਤੀ । ਉਹਨਾਂ ਲੋਕਾਂ ਤੋਂ ਅਸੀਂ ਕਾਮਾਗਾਟਾ ਮਾਰੂ ਲਈ ਇਨਸਾਫ਼ ਦੀ ਕੀ ਆਸ ਰੱਖ ਸਕਦੇ ਹਾਂ ?

[ ਭਾਗ ਸਿੰਘ ਪ੍ਰਵੇਸ਼ ਕਰਦਾ ਹੈ, ਦੋਵੇਂ ਉਤਸੁਕਤਾ ਨਾਲ ਉਸ ਵੱਲ ਵੇਖਦੇ ਹਨ । ]

ਭਾਗ ਸਿੰਘ :

(ਸਿਰ ਮਾਰਦਾ ਹੋਇਆ) ਮੁਆਮਲਾ ਬਹੁਤ ਵਿਗੜ ਗਿਆ ਏ ।

ਹਸਨ ਰਹੀਮ :

ਕੀ ਕਹਿੰਦੇ ਨੇ ਹੁਣ ?

ਭਾਗ ਸਿੰਘ :

ਕਹਿਣਾ ਕੀ ਸੀ, ਰ੍ਹੀਡ ਤਾਂ ਮੇਰੇ ਨਾਲ ਉਂਜ ਈ ਔਖਾ ਹੋ ਗਿਆ ।

ਮੇਵਾ ਸਿੰਘ :

ਗੱਲ ਕਿਸ ਤਰ੍ਹਾਂ ਹੋਈ ?

ਭਾਗ ਸਿੰਘ :

ਮੈਂ ਕਿਹਾ, ਜਿੰਨਾ ਚਿਰ ਕਾਮਾਗਾਟਾ ਮਾਰੂ ਦਾ ਕੋਈ ਫ਼ੈਸਲਾ ਨਹੀਂ ਹੁੰਦਾ ਤੁਸੀਂ ਗੁਰਦਿੱਤ ਸਿੰਘ ਤੇ ਦੂਜੇ ਮੁਸਾਫ਼ਰਾਂ ਨੂੰ ਆਪਣੇ ਰਿਸ਼ਤੇਦਾਰਾਂ ਨੂੰ ਮਿਲਣ ਲਈ ਸ਼ਹਿਰ ਤਾਂ ਆ ਜਾਣ ਦਿਓ ।

ਹਸਨ ਰਹੀਮ :

ਫੇਰ ?

ਭਾਗ ਸਿੰਘ :

ਰ੍ਹੀਡ ਨੇ ਕਿਹਾ, ਅਸੰਭਵ । ਜਹਾਜ਼ ਦੇ ਸਾਰੇ ਮੁਸਾਫ਼ਰ, ਸਮੇਤ ਗੁਰਦਿੱਤ ਸਿੰਘ, ਸਾਡੇ ਕੈਦੀ ਨੇ । ਉਹਨਾਂ ਨੂੰ ਅਜਿਹੀ ਕੋਈ ਇਜਾਜ਼ਤ ਨਹੀਂ ਮਿਲ ਸਕਦੀ ।

ਹਸਨ ਰਹੀਮ :

ਜ਼ਮਾਨਤ 'ਤੇ ਵੀ ਨਹੀਂ ਮੰਨਦਾ ?

ਭਾਗ ਸਿੰਘ :

ਬਿਲਕੁੱਲ ਨਹੀਂ । ਉਹ ਕਹਿੰਦਾ, ਤੁਸੀਂ ਉਹਨਾਂ ਨੂੰ ਨਸਾ ਦੇਓਗੇ ।

ਹਸਨ ਰਹੀਮ :

ਬੜਾ ਮੂਰਖ ਏ ।

ਭਾਗ ਸਿੰਘ :

ਮੈਂ ਕਿਹਾ, ਫੇਰ ਅਸੀਂ ਜਾ ਕੇ ਉਹਨਾਂ ਨੂੰ ਮਿਲ ਲੈਂਦੇ ਹਾਂ ।

ਮੇਵਾ ਸਿੰਘ :

ਫੇਰ ਮੰਨ ਗਿਆ ?

ਭਾਗ ਸਿੰਘ :

ਮੰਨਣਾ ਕਿੱਥੇ ਸੀ, ਉਲਟਾ ਲੜਨ ਲੱਗ ਪਿਆ । ਕਹਿੰਦਾ, ਤੁਸੀਂ ਸਾਡੇ ਕੰਮ ਵਿਚ ਗ਼ੈਰ-ਕਾਨੂੰਨੀ ਦਖ਼ਲ ਦੇ ਰਹੇ ਹੋ । ਤੁਹਾਡਾ ਕਿਸੇ ਦਾ ਕਾਮਾਗਾਟਾ ਮਾਰੂ ਨਾਲ ਕੋਈ ਸੰਬੰਧ ਨਹੀਂ ।

ਹਸਨ ਰਹੀਮ :

ਰਿਸ਼ਤੇਦਾਰਾਂ ਲਈ ਵੀ ਨਹੀਂ ਮੰਨਿਆ ?

ਭਾਗ ਸਿੰਘ :

ਉਹ ਤਾਂ ਕਹਿਣ ਲੱਗਾ, ਜੇ ਤੁਸੀਂ ਕੋਈ ਐਸਾ ਵੈਸਾ ਕਦਮ ਪੁੱਟਿਆ ਤਾਂ ਇਮੀਗ੍ਰੇਸ਼ਨ ਡਿਪਾਰਟਮੈਂਟ ਤੁਹਾਡੇ ਖ਼ਿਲਾਫ਼ ਕਾਰਵਾਈ ਕਰੇਗਾ ।

ਮੇਵਾ ਸਿੰਘ :

ਇਹ ਤਾਂ ਬੜੀ ਬਦਤਮੀਜ਼ੀ ਏ ।

ਭਾਗ ਸਿੰਘ :

ਮੈਨੂੰ ਵੀ ਤਲਖ਼ੀ ਆ ਗਈ । ਮੈਂ ਕਿਹਾ — ਜੋ ਕਰਨਾ ਹੋਇਆ ਅਸੀਂ ਵੀ ਕਰਾਂਗੇ । ਦਫ਼ਤਰੋਂ ਬਾਹਰ ਆ ਕੇ ਹਾਪਕਿਨਸਨ ਉੱਚਾ ਨੀਵਾਂ ਬੋਲਣ ਲੱਗਾ । ਮੈਂ ਕਿਹਾ — ਯੂ ਬੈਟਰ ਮਾਈਂਡ ਯੂਅਰ ਓਨ ਬਿਜ਼ਨਿਸ ।

ਹਸਨ ਰਹੀਮ :

ਇਨ੍ਹਾਂ ਦੇ ਦਿਮਾਗ਼ਾਂ ਵਿਚ ਐਨੀ ਨਫ਼ਤਰ ਭਰੀ ਹੋਈ ਏ... ਗੱਲ ਵੀ ਡਿਗਨਟੀ ਨਾਲ ਨਹੀਂ ਕਰ ਸਕਦੇ ।

ਮੇਵਾ ਸਿੰਘ :

ਕਈ ਵਾਰ ਤਾਂ ਐਨਾ ਗ਼ੁੱਸਾ ਆ ਜਾਂਦਾ ਏ... ਜੀਅ ਕਰਦੈ ਸਬਕ ਸਿਖਾ ਦੇਈਏ ।

ਭਾਗ ਸਿੰਘ :

ਅਸਲ ਵਿਚ ਜਹਾਜ਼ ਨੂੰ ਵਾਪਸ ਮੋੜਨ ਬਾਰੇ ਫ਼ੈਸਲਾ ਤਾਂ ਇਹਨਾਂ ਕਰ ਲਿਆ ਹੋਇਐ । ਹੁਣ ਤਾਂ ਬੱਸ ਬਹਾਨਾ ਈ ਸੋਚਦੇ ਨੇ ।



ਹਸਨ ਰਹੀਮ :

ਇਹਨਾਂ ਦਾ ਵੱਸ ਚਲੇ ਤਾਂ ਆਪਾਂ ਨੂੰ ਵੀ ਨਾਲ ਈ ਵਾਪਸ ਚੜ੍ਹਾ ਦੇਣ ।

ਮੇਵਾ ਸਿੰਘ :

ਸਮਝ ਨਹੀਂ ਆਉਂਦੀ ਇਹ ਆਪਣੀ ਸਪਸ਼ਟ ਪਾਲਿਸੀ ਕਿਉਂ ਨਹੀਂ ਬਣਾ ਲੈਂਦੇ । ਸਿੱਧਾ ਕਹਿਣ ਅਸੀਂ ਹਿੰਦੁਸਤਾਨੀਆਂ ਨੂੰ ਕੈਨੇਡਾ ਵਿਚ ਨਹੀਂ ਆਉਣ ਦੇਣਾ ।

ਭਾਗ ਸਿੰਘ :

ਫੇਰ ਆਪ ਹਿੰਦੁਸਤਾਨ ਕਿਵੇਂ ਜਾਣਗੇ ? ਉਥੇ ਲੋਕਾਂ 'ਚ ਇਹਨਾਂ ਵਿਰੁੱਧ ਰੋਹ ਜਾਗ ਪਏਗਾ ।

ਹਸਨ ਰਹੀਮ :

ਬੱਸ ਏਹੋ ਤਾਂ ਸਾਰੀ ਗੱਲ ਏ । ਓਥੇ ਕੈਨੇਡੀਅਨ ਲੋਕਾਂ ਦੇ ਬਿਜ਼ਨਸ ਨੇ । ਜੇ ਇਹ ਆਪ ਹਿੰਦੁਸਤਾਨੀਆਂ ਦੇ ਵਿਰੁੱਧ ਬੋਲਣ ਤਾਂ ਇਨ੍ਹਾਂ ਦੇ ਟ੍ਰੇਡ ਨੂੰ ਧੱਕਾ ਲੱਗ ਸਕਦੈ, ਇਹਨਾਂ ਨੂੰ ਨੁਕਸਾਨ ਹੋ ਸਕਦੈ ।

ਭਾਗ ਸਿੰਘ :

ਨਾਲੇ ਫੇਰ ਅੰਗਰੇਜ਼ ਸਰਕਾਰ ਵੀ ਕੈਨੇਡਾ ਨਾਲ ਗ਼ੁੱਸੇ ਹੋ ਸਕਦੀ ਏ ।

ਹਸਨ ਰਹੀਮ :

ਅੰਗਰੇਜ਼ ਤਾਂ ਬੱਸ ਆਪਣੀ ਲੁੱਟ-ਖਸੁੱਟ ਜਾਰੀ ਰੱਖਣ ਲਈ ਹਿੰਦੁਸਤਾਨੀਆਂ ਨੂੰ ਖ਼ੁਸ਼ ਰੱਖਣਾ ਚਾਹੁੰਦੇ ਨੇ ।

ਮੇਵਾ ਸਿੰਘ :

ਆਪਣੇ ਫ਼ਾਇਦੇ ਲਈ ਉਤੋਂ ਉਤੋਂ ਸਭ ਨੂੰ ਬਰਾਬਰ ਕਹਿੰਦੇ ਨੇ, ਅੰਦਰੋਂ ਸਾਨੂੰ ਨਫ਼ਰਤ ਕਰਦੇ ਨੇ । ਲਾਹਣਤ ਏ ਇਹੋ ਜਿਹੇ ਅੰਗਰੇਜ਼ੀ ਇਨਸਾਫ਼ ਨੂੰ ।

ਭਾਗ ਸਿੰਘ :

ਕੈਨੇਡਾ ਦੀ ਇਮੀਗ੍ਰੇਸ਼ਨ ਪਾਲਿਸੀ ਹੀ ਲਓ । ਕਹਿੰਦੇ ਨੇ ਹਿੰਦੁਸਤਾਨੀਆਂ ਨੂੰ ਏਥੇ ਆਉਣ ਦੀ ਦੂਜਿਆਂ ਵਾਂਗ ਹੀ ਇਜਾਜ਼ਤ ਏ, ਪਰ ਜਹਾਜ਼ ਸਿੱਧਾ ਹਿੰਦੁਸਤਾਨ ਤੋਂ ਕੈਨੇਡਾ ਆਉਣਾ ਚਾਹੀਦੈ । (ਵਿਅੰਗ ਨਾਲ ਹੱਸ ਕੇ) ਜਦੋਂ ਸਾਰੀ ਦੁਨੀਆਂ ਜਾਣਦੀ ਹੈ, ਹਿੰਦੁਸਤਾਨ ਤੋਂ ਕੈਨੇਡਾ ਨੂੰ ਸਿੱਧਾ ਜਹਾਜ਼ ਆਉਂਦਾ ਈ ਕੋਈ ਨਹੀਂ ।

ਹਸਨ ਰਹੀਮ :

ਇਹ ਕੰਡੀਸ਼ਨ ਲਾ ਕੇ ਤਾਂ ਇਹ ਹੁਣ ਕਾਮਾਗਾਟਾ ਮਾਰੂ ਨੂੰ ਮੋੜਨ ਦੀ

ਕੋਸ਼ਿਸ਼ ਕਰਨਗੇ ।

ਮੇਵਾ ਸਿੰਘ :

ਪਰ ਇਸ ਗੱਲ ਦਾ ਤਾਂ ਗਿਆਨੀ ਗੁਰਦਿੱਤ ਸਿੰਘ ਹੋਰਾਂ ਨੂੰ ਵੀ ਪਤਾ ਹੋਵੇਗਾ ।

ਭਾਗ ਸਿੰਘ :

ਇੰਡੀਆ ਤੋਂ ਵਾਪਸ ਆਉਂਦਿਆਂ, ਭਾਈ ਬਲਵੰਤ ਸਿੰਘ ਜੀ, ਕਾਮਾਗਾਟਾ ਮਾਰੂ ਦੇ ਮੁਸਾਫ਼ਰਾਂ ਨੂੰ ਜਪਾਨ 'ਚ ਮਿਲੇ ਸਨ । ਉਨ੍ਹਾਂ ਨੇ ਗੁਰਦਿੱਤ ਸਿੰਘ ਹੋਰਾਂ ਨੂੰ ਏਥੋਂ ਦੇ ਹਾਲਾਤ ਬਾਰੇ ਸਪਸ਼ਟ ਦੱਸ ਦਿੱਤਾ ਸੀ । ਇਥੋਂ ਦੀ ਇਮੀਗ੍ਰੇਸ਼ਨ ਦੇ ਰਵੱਈਏ ਬਾਰੇ, ਰੀਡ ਬਾਰੇ, ਹਾਪਕਿਨਸਨ ਬਾਰੇ, ਬੇਲਾ ਸਿੰਘ ਬਾਰੇ ।

ਮੇਵਾ ਸਿੰਘ :

ਗਿਆਨੀ ਜੀ ਹੋਰਾਂ ਫੇਰ ਵੀ ਇਰਾਦਾ ਨਾ ਬਦਲਿਆ ਏਥੇ ਆਉਣ ਦਾ ?

ਹਸਨ ਰਹੀਮ :

ਜਿੱਥੋਂ ਤੱਕ ਮੈਨੂੰ ਪਤਾ ਲੱਗਿਐ ਗਿਆਨੀ ਜੀ ਨੂੰ ਅੰਗਰੇਜ਼ੀ ਇਨਸਾਫ਼ 'ਤੇ ਬਹੁਤ ਵਿਸ਼ਵਾਸ ਹੈ । ਉਹ ਕਾਮਾਗਾਟਾ ਮਾਰੂ ਦੇ ਕੇਸ ਨੂੰ ਕੋਰਟ ਵਿਚ ਲਿਜਾਣਾ ਚਾਹੁੰਦੇ ਨੇ ।

ਭਾਗ ਸਿੰਘ :

ਮੇਰਾ ਤਾਂ ਵਿਚਾਰ ਏ, ਆਪਾਂ ਗਿਆਨੀ ਜੀ ਦੀ ਹਰ ਪੱਖੋਂ ਡੱਟ ਕੇ ਹਮਾਇਤ ਕਰੀਏ ਤੇ ਹੁਣ ਸਾਰਾ ਧਿਆਨ ਇਸੇ ਪਾਸੇ ਵੱਲ ਦੇਈਏ ।

ਮੇਵਾ ਸਿੰਘ :

ਇਸ ਤੋਂ ਬਿਨਾਂ ਹੋਰ ਚਾਰਾ ਵੀ ਕੀ ਏ, ਭਾਗ ਸਿੰਘ ਜੀ । ਆਪਣੇ ਹੀ ਭੈਣ ਭਰਾ ਤਾਂ ਜਹਾਜ਼ ਵਿਚ ਰੁਲ੍ਹ ਰਹੇ ਨੇ ।

ਭਾਗ ਸਿੰਘ :

ਪਰ ਹੁਣ ਇਮੀਗ੍ਰੇਸ਼ਨ ਵਾਲਿਆਂ ਨਾਲ ਸਿੱਧੀ ਗੱਲ ਕਰਨ ਦਾ ਕੋਈ ਫ਼ਾਇਦਾ ਨਹੀਂ । ਵਕੀਲ ਕੀਤਾ ਜਾਵੇ ।

ਹਸਨ ਰਹੀਮ :

ਮੈਂ ਇਸ ਬਾਰੇ ਮਿਸਟਰ ਬਰਡ ਨਾਲ ਗੱਲ ਕਰਾਂਗਾ । ਪਹਿਲਾਂ ਵੀ ਅਕਸਰ ਆਪਣੇ ਕੰਮ ਓਹੀ ਆਉਂਦਾ ਰਹਿਐ ।

ਭਾਗ ਸਿੰਘ :

(ਮੁਸਕਰਾਉਂਦਾ ਹੋਇਆ) ਉਹ ਸੋਸ਼ਲਿਸਟ ਏ । ਹਸਨ ਜੀ, ਤੁਸੀਂ



ਸੋਸ਼ਲਿਸਟ ਓ, ਤੁਹਾਡੀ ਗੱਲ ਤਾਂ ਉਸ ਨੇ ਮੰਨ ਈ ਲੈਣੀ ਹੋਈ ।

ਹਸਨ ਰਹੀਮ :

ਆਇਰਸ਼ ਹੋਣ ਕਰਕੇ ਵੈਸੇ ਵੀ ਅੰਗਰੇਜ਼ੀ ਸਾਮਰਾਜ ਨਾਲ ਖਾਰ ਖਾਂਦਾ ਏ ।

ਮੇਵਾ ਸਿੰਘ :

ਇਕ ਗੱਲ ਹੋਰ ਏ । ਇਕ ਕਾਮਾਗਾਟਾ ਮਾਰੂ ਕਮੇਟੀ ਬਣਾਈ ਜਾਵੇ । ਵਕੀਲ ਰਾਹੀਂ ਇਹ ਕਮੇਟੀ ਇਮੀਗ੍ਰੇਸ਼ਨ ਨਾਲ ਨਿਪਟੇ । ਫ਼ੰਡ ਇਕੱਠਾ ਕਰੇ ਤੇ ਹੋਰ ਜੋ ਸਹਾਇਤਾ ਦੀ ਲੋੜ ਹੋਵੇ ਲੋਕਾਂ ਤੋਂ ਲਵੇ ।

ਹਸਨ ਰਹੀਮ :

ਬਿਲਕੁਲ ਠੀਕ ਏ । ਇਹ ਕਮੇਟੀ ਛੇਤੀ ਤੋਂ ਛੇਤੀ ਬਣ ਜਾਣੀ ਚਾਹੀਦੀ ਏ ।

ਭਾਗ ਸਿੰਘ :

ਫੇਰ ਆਪਾਂ ਨੂੰ ਹੁਣ ਸਮਾਂ ਨਹੀਂ ਗੁਆਉਣਾ ਚਾਹੀਦਾ । ਹਸਨ ਜੀ, ਤੁਸੀਂ ਜਾ ਕੇ ਬਰਡ ਨੂੰ ਮਿਲੋ ਤੇ ਸਾਰੀ ਹਾਲਤ ਸਮਝਾਓ । ਤੁਸੀਂ ਮੇਵਾ ਸਿੰਘ, ਪੰਡਤ ਸੋਹਣ ਲਾਲ ਨੂੰ ਲੱਭੋ ਕਮੇਟੀ ਲਈ । ਨਾਲੇ ਫ਼ੰਡ ਇਕੱਠਾ ਕਰਨ ਦੀ ਸਕੀਮ ਬਣਾਓ । ਮੈਂ ਬਲਵੰਤ ਸਿੰਘ ਹੋਰਾਂ ਨਾਲ ਗੱਲ ਕਰਦਾ ਹਾਂ ।

ਹਸਨ ਰਹੀਮ :

ਬਹੁਤ ਅੱਛਾ । ਕਮੇਟੀ ਅੱਜ ਰਾਤ ਤੱਕ ਬਣ ਜਾਣੀ ਚਾਹੀਦੀ ਐ । ਮੈਂ ਤੁਹਾਨੂੰ ਹੁਣ ਸੁਬ੍ਹਾ ਈ ਆ ਕੇ ਮਿਲਾਂਗਾ । (ਜਾਂਦਾ ਹੈ)

ਮੇਵਾ ਸਿੰਘ :

ਮੈਂ ਵੀ ਚਲਦੇਂ ਸੋਹਣ ਲਾਲ ਵੱਲ ।

[ ਤਿੰਨੇ ਜਾਂਦੇ ਹਨ । ]

[ ਰੌਸ਼ਨੀ ਕਾਮਾਗਾਟਾ ਮਾਰੂ 'ਤੇ ਪੈਂਦੀ ਹੈ। ਗੁਰਦਿੱਤ ਸਿੰਘ ਕਾਹਲੀ ਕਾਹਲੀ ਘੁੰਮ ਰਿਹਾ ਹੈ। ਦਲਜੀਤ ਸਿੰਘ ਉਸ ਪਾਸ ਖੜ੍ਹਾ ਹੈ। ]

ਗੁਰਦਿੱਤ ਸਿੰਘ :

ਸਮਝ ਨਹੀਂ ਆਉਂਦੀ, ਇਹ ਹੋ ਕੀ ਰਿਹੈ ? ਇਮੀਗ੍ਰੇਸ਼ਨ ਵਾਲੇ ਕਰ ਕੀ ਰਹੇ ਹਨ ?

ਦਲਜੀਤ ਸਿੰਘ :

ਇਮੀਗ੍ਰੇਸ਼ਨ ਵਾਲੇ ਆਪਣੇ ਨਾਲ ਧੋਖਾ ਕਰ ਰਹੇ ਹਨ। ਜਾਣ ਬੁਝ ਕੇ ਆਪਾਂ ਨੂੰ ਔਖਾ ਕਰਨਾ ਚਾਹੁੰਦੇ ਹਨ। ਵੱਧ ਤੋਂ ਵੱਧ ਰੁਕਾਵਟਾਂ ਪਾਉਣੀਆਂ ਚਾਹੁੰਦੇ ਹਨ।

ਗੁਰਦਿੱਤ ਸਿੰਘ :

ਮੈਂ ਤਾਂ ਹੈਰਾਨ ਹਾਂ ਇਸ ਮੁਲਕ ਦੀ ਗੌਰਮੈਂਟ ਕਰ ਕੀ ਰਹੀ ਹੈ। ਇਮੀਗ੍ਰੇਸ਼ਨ ਦੇ ਇੰਸਪੈਕਟਰਾਂ ਨੂੰ ਐਨੇ ਅਧਿਕਾਰ ?

ਦਲਜੀਤ ਸਿੰਘ :

ਇਥੇ ਤਾਂ ਇਹ ਤਰ੍ਹਾਂ ਲਗਦੈ ਜਿਵੇਂ ਰ੍ਹੀਡ ਹੀ ਮੁਲਕ ਦਾ ਕਰਤਾ-ਧਰਤਾ ਹੋਵੇ ਜਾਂ ਦੂਜੇ ਦਿਨ ਹਾਪਕਿਨਸਨ ਤੇ ਉਸ ਦਾ ਚਮਚਾ ਬੇਲਾ ਸਿੰਘ ਆ ਜਾਂਦੇ ਐ।

ਗੁਰਦਿੱਤ ਸਿੰਘ :

ਰ੍ਹੀਡ ਨੂੰ ਮੈਂ ਆਪ ਤਾਰ ਤੇ ਤਾਰ ਦੇਈ ਜਾ ਰਿਹਾ ਹਾਂ। ਕੋਈ ਜਵਾਬ ਈ ਨਹੀਂ ਦਿੰਦਾ, ਜਹਾਜ਼ ਤੋਂ ਉਤਰਨ ਦੀ ਇਜਾਜ਼ਤ ਤਾਂ ਇਕ ਪਾਸੇ ਰਹੀ।

ਦਲਜੀਤ ਸਿੰਘ :

ਘੱਟੋ ਘੱਟ ਤੁਹਾਨੂੰ ਤਾਂ ਉਤਰਨ ਦੀ ਇਜਾਜ਼ਤ ਮਿਲਣੀ ਚਾਹੀਦੀ ਸੀ। ਕਿਹੀ ਬੇਹੂਦਗੀ ਹੈ। ਜੇ ਤੁਸੀਂ ਨਾ ਉੱਤਰੇ ਤਾਂ ਕੋਲਾ ਜਹਾਜ਼ ਤੋਂ ਕਿਵੇਂ



ਲਥੂਗਾ ? ਕਿਵੇਂ ਵਿਕੂਗਾ ?

ਗੁਰਦਿੱਤ ਸਿੰਘ :

ਜੇ ਕੋਲਾ ਨਾ ਵਿਕਿਆ ਤਾਂ ਜਹਾਜ਼ ਦੀ ਅਗਲੀ ਕਿਸ਼ਤ ਦੇਣੀ ਮੁਸ਼ਕਲ ਹੋ ਜਾਵੇਗੀ।

ਦਲਜੀਤ ਸਿੰਘ :

ਅਗਲੀ ਕਿਸ਼ਤ ਤਾਂ ਆਈ ਖੜੀ ਐ 11 ਜੂਨ ਨੂੰ। ਬੱਸ ਚਾਰ ਪੰਜ ਦਿਨ ਤਾਂ ਰਹਿ ਗਏ।

ਗੁਰਦਿੱਤ ਸਿੰਘ :

ਪੂਰੇ ਬਾਈ ਹਜ਼ਾਰ ਡਾਲਰ ਦੇਣੇ ਐ ਜਹਾਜ਼ ਦੇ ਮਾਲਕਾਂ ਨੂੰ।

ਦਲਜੀਤ ਸਿੰਘ :

ਫੇਰ ਤਾਂ ਕੰਮ ਬਹੁਤ ਮੁਸ਼ਕਿਲ ਐ। ਤੁਸੀਂ ਹੁਣੇ ਇਕ ਹੋਰ ਤਾਰ ਭੇਜੋ ਰ੍ਹੀਡ ਨੂੰ।

ਗੁਰਦਿੱਤ ਸਿੰਘ :

ਕੋਈ ਫ਼ਾਇਦਾ ਨਹੀਂ ਲੱਗਦਾ। ਤੂੰ ਵੀ ਤਾਂ ਕਈ ਚਿੱਠੀਆਂ ਲਿਖ ਚੁਕਿਐਂ।

ਦਲਜੀਤ ਸਿੰਘ :

ਮੈਂ ਰ੍ਹੀਡ ਨੂੰ ਛੇ-ਸੱਤ ਚਿੱਠੀਆਂ ਲਿਖ ਚੁੱਕਾ ਹਾਂ ਰਾਸ਼ਨ ਲਈ। ਰ੍ਹੀਡ ਦੇ ਕੰਨਾਂ 'ਤੇ ਜੂੰ ਤੱਕ ਨਹੀਂ ਸਰਕੀ। ਰਾਸ਼ਨ ਦਾ ਹਾਲ ਬਹੁਤ ਮੰਦਾ ਹੈ। ਆਪਾਂ ਤਾਂ ਸੋਚਿਆ ਸੀ ਵੈਨਕੂਵਰ ਪਹੁੰਚਦੇ ਹੀ ਸ਼ਹਿਰ ਉੱਤਰ ਜਾਵਾਂਗੇ। ਤੁਸੀਂ ਰ੍ਹੀਡ ਨੂੰ ਇਕ ਤਾਰ ਹੋਰ ਜ਼ਰੂਰ ਭੇਜੋ।

[ ਗਿਆਨੀ ਗੁਰਦਿੱਤ ਸਿੰਘ ਸਹਿਮਤੀ ਵਿਚ ਸਿਰ ਹਿਲਾਉਂਦੇ ਹਨ। ਮੇਜ਼ ਤੋਂ ਇਕ ਕਾਗਜ਼ ਚੁੱਕ ਕੇ ਅੰਦਰ ਚਲੇ ਜਾਂਦੇ ਹਨ। ਦਲਜੀਤ ਸਿੰਘ ਉਥੇ ਈ ਰਹਿੰਦਾ ਹੈ ਤੇ ਇਕ ਪਾਸੇ ਹੋ ਕੇ ਕੋਈ ਚਿੱਠੀ ਵੇਖਣ ਲੱਗ ਪੈਂਦਾ ਹੈ। ਰੌਸ਼ਨੀ ਮੱਧਮ ਹੋ ਜਾਂਦੀ ਹੈ, ਪਰਦੇ ਪਿੱਛੋਂ ਔਰਤ ਅਤੇ ਬੱਚੇ ਦੇ ਪਰਛਾਵੇਂ ਦਿਸਦੇ ਹਨ। ਵਾਰਤਾਲਾਪ ਬਾਹਰ ਸੁਣਦਾ ਹੈ। ]

ਬੱਚਾ :

ਮਾਂ, ਬਹੁਤ ਭੁੱਖ ਲੱਗੀ ਐ। ਰੋਟੀ ਕਦੋਂ ਮਿਲੂਗੀ ?

ਔਰਤ :

ਬੱਸ ਥੋੜੇ ਚਿਰ ਨੂੰ ਮਿਲਜੂਗੀ — ਰਾਤ ਨੂੰ। ਤੂੰ ਹੁਣ ਸੌਂ ਜਾ, ਸੌਂ ਜਾ ਮੇਰਾ ਸਾਊ।

ਬੱਚਾ :

ਮਾਂ, ਇਸ ਸ਼ਹਿਰ ਵਿਚ ਲੋਕ ਰੋਟੀ ਬਹੁਤ ਥੋੜੀ ਖਾਂਦੇ ਐ। ਬਹੁਤ ਗਰੀਬ ਐ।

ਔਰਤ :

ਨਹੀਂ ਬੇਟਾ, ਇਹ ਤਾਂ ਬਹੁਤ ਅਮੀਰ ਮੁਲਕ ਐ। ਤਾਹੀਂ ਤਾਂ ਆਪਾਂ ਇਥੇ ਆਏ ਹਾਂ। ਇਥੇ ਫਲ, ਸਬਜੀਆਂ, ਦੁੱਧ, ਮੀਟ, ਆਂਡੇ ਲੋਕ ਬਹੁਤ ਖਾਂਦੇ ਐ। ਬਸ ਹੁਣ ਤਾਂ ਇਕ ਦੋ ਦਿਨਾਂ ਵਿਚ ਈ ਆਪਾਂ ਉਤਰ ਜਾਵਾਂਗੇ। ਤੇਰੇ ਮਾਮੇ ਤੈਨੂੰ ਲੈਣ ਆਉਣਗੇ। ਫਿਰ ਤੂੰ ਜਿਨਾ ਜੀਅ ਕੀਤਾ ਖਾਈਂ, ਦੁੱਧ ਪੀਵੀਂ ਰੱਜ ਰੱਜ ਕੇ, ਹੁਣ ਸੌਂ ਜਾ, ਜਾਹ ਮੇਰਾ ਪੁੱਤ।

[ ਔਰਤ ਅਤੇ ਬੱਚੇ ਦੇ ਪਰਛਾਵੇਂ ਲਾਂਭੇ ਹੋ ਜਾਂਦੇ ਹਨ। ਕਾਮਾਗਾਟਾ ਮਾਰੂ 'ਤੇ ਰੌਸ਼ਨੀ ਫੇਰ ਪਹਿਲਾਂ ਵਾਂਗ ਹੀ ਤੇਜ਼ ਹੋ ਜਾਂਦੀ ਹੈ। ਦਲਜੀਤ ਸਿੰਘ ਅਜੇ ਵੀ ਕੋਈ ਚਿੱਠੀ ਵੇਖ ਰਿਹਾ ਹੈ। ਪਿੱਛੋਂ ਗਿਆਨੀ ਗੁਰਦਿੱਤ ਸਿੰਘ ਜੀ ਪ੍ਰਵੇਸ਼ ਕਰਦੇ ਹਨ। ]

ਗੁਰਦਿੱਤ ਸਿੰਘ :

ਦਲਜੀਤ ਸਿੰਘ, ਮੈਂ ਹੁਣ ਰੀਡ ਨੂੰ ਹੋਰ ਤਾਰ ਨਹੀਂ ਭੇਜਣੀ। ਤੂੰ ਮੇਰੇ ਵਲੋਂ ਕੈਨੇਡਾ ਦੇ ਗਵਰਨਰ ਜਨਰਲ ਨੂੰ ਇਕ ਤਾਰ ਭੇਜ।

ਦਲਜੀਤ ਸਿੰਘ :

ਗਵਰਨਰ ਜਨਰਲ ਨੂੰ ?

ਗੁਰਦਿੱਤ ਸਿੰਘ :

ਹਾਂ, ਕਹਿ ਕਿ ਰੀਡ ਸਾਡੇ ਨਾਲ ਧੋਖਾ ਕਰ ਰਿਹੈ, ਜਾਣ ਬੁੱਝ ਕੇ ਹਰ ਤਰ੍ਹਾਂ ਦੀਆਂ ਰੁਕਾਵਟਾਂ ਪਾ ਰਿਹੈ।

ਦਲਜੀਤ ਸਿੰਘ :

(ਹੈਰਾਨ ਹੁੰਦਾ ਹੈ, ਪਰ ਸਹਿਮਤੀ ਵਿਚ ਸਿਰ ਹਿਲਾਉਂਦਾ ਹੋਇਆ) ਚਲੋ



ਠੀਕ ਐ, ਤਾਰ ਵਿਚ ਲਿਖਣਾ ਕੀ ਹੈ ?

ਗੁਰਦਿੱਤ ਸਿੰਘ :

ਇਹੀ ਕਿ ਸਾਨੂੰ ਉੱਤਰਨ ਦੀ ਇਜਾਜ਼ਤ ਮਿਲੇ। ਜੇ ਅਸੀਂ ਵਕਤ ਸਿਰ ਜਹਾਜ਼ ਦੀ ਕਿਸ਼ਤ ਨਾ ਤਾਰ ਸਕੇ ਤਾਂ ਜਹਾਜ਼ ਸਾਡੇ ਕੋਲੋਂ ਖੁੱਸ ਜਾਵੇਗਾ। ਇਸ ਹਾਲਤ ਵਿਚ ਸਾਰੇ ਨੁਕਸਾਨ ਦੀ ਜ਼ਿੰਮੇਵਾਰ ਕੈਨੇਡੀਅਨ ਸਰਕਾਰ ਹੋਵੇਗੀ।

[ ਦਲਜੀਤ ਸਿੰਘ ਕਾਗਜ਼ 'ਤੇ ਨੋਟ ਕਰਦਾ ਹੋਇਆ ਸਿਰ ਹਿਲਾਉਂਦਾ ਹੈ। ]

ਤੇ ਇਹ ਸਪਸ਼ਟ ਕਰ ਦੇ ਕਿ ਜਿੰਨਾ ਚਿਰ ਕੈਨੇਡਾ ਦੀ ਸੁਪਰੀਮ ਕੋਰਟ ਕੋਈ ਫ਼ੈਸਲਾ ਨਹੀਂ ਦਿੰਦੀ, ਅਸੀਂ ਰੀਡ ਦੇ ਦਬਾਅ ਹੇਠ ਵਾਪਸ ਨਹੀਂ ਜਾਵਾਂਗੇ !

ਦਲਜੀਤ ਸਿੰਘ :

ਬਹੁਤ ਅੱਛਾ। ਮੈਂ ਹੁਣੇ ਈ ਤਾਰ ਦੇ ਦਿੰਨਾ।

ਗੁਰਦਿੱਤ ਸਿੰਘ :

ਇਕ ਤਾਰ ਜਹਾਜ਼ ਦੇ ਮੁਸਾਫ਼ਰਾਂ ਵਲੋਂ ਵੀ ਭੇਜ।

ਦਲਜੀਤ ਸਿੰਘ :

ਮੁਸਾਫ਼ਰਾਂ ਵਲੋਂ ? ਉਹ ਕਿਸ ਤਰ੍ਹਾਂ ?

ਗੁਰਦਿੱਤ ਸਿੰਘ :

ਕਿ ਇਮੀਗ੍ਰੇਸ਼ਨ ਵਾਲੇ ਸਾਨੂੰ ਜਹਾਜ਼ 'ਤੇ ਆਪਣੇ ਕੈਦੀ ਸਮਝ ਰਹੇ ਹਨ ਪਰ ਰਾਸ਼ਨ ਦੇਣ ਤੋਂ ਇਨਕਾਰ ਕਰ ਰਹੇ ਹਨ। ਇਹ ਅਣਮਨੁੱਖੀ ਵਤੀਰਾ ਹੈ। ਅਸੀਂ ਇਨਸਾਫ਼ ਦੀ ਮੰਗ ਕਰਦੇ ਹਾਂ।

ਦਲਜੀਤ ਸਿੰਘ :

(ਨੋਟ ਕਰਦਾ ਹੋਇਆ) ਹੋਰ ?

ਗੁਰਦਿੱਤ ਸਿੰਘ :

ਕਾਮਾਗਾਟਾ ਮਾਰੂ ਲਈ ਇਕ ਪੜਤਾਲੀਆ ਕਮਿਸ਼ਨ ਫ਼ੌਰਨ ਕਾਇਮ ਕੀਤਾ ਜਾਵੇ ਜੋ ਸਾਰੇ ਹਾਲਾਤ ਦੀ ਪੜਤਾਲ ਕਰੇ, ਤੇ ਕਾਮਾਗਾਟਾ ਮਾਰੂ ਦੀਆਂ ਸਮੱਸਿਆਵਾਂ ਨੂੰ ਸੁਲਝਾਵੇ।

ਦਲਜੀਤ ਸਿੰਘ :

ਬਹੁਤ ਅੱਛਾ, ਮੈਂ ਇਹ ਤਾਰ ਵੀ ਨਾਲ ਈ ਦੇ ਦਿੰਨਾਂ।

ਗੁਰਦਿੱਤ ਸਿੰਘ :

ਨਾਲ ਹੀ ਰ੍ਹੀਡ ਨੂੰ ਇਕ ਚਿੱਠੀ ਹੋਰ ਲਿਖ ਵੇਖ, ਹੋ ਸਕਦੈ ਉਹ ਤੈਨੂੰ ਉੱਤਰਨ ਦੀ ਇਜਾਜ਼ਤ ਦੇ ਦੇਵੇ। ਆਪਾਂ ਨੂੰ ਇਥੋਂ ਦੇ ਹਿੰਦੁਸਤਾਨੀਆਂ ਨਾਲ ਛੇਤੀ ਤੋਂ ਛੇਤੀ ਸੰਪਰਕ ਪੈਦਾ ਕਰਨਾ ਚਾਹੀਦੈ। ਉਹ ਆਪਣੀ ਬਹੁਤ ਸਹਾਇਤਾ ਕਰ ਸਕਦੇ ਹਨ।

ਦਲਜੀਤ ਸਿੰਘ :

ਅੱਛਾ ਜੀ,

[ ਦਲਜੀਤ ਸਿੰਘ ਜਾਂਦਾ ਹੈ। ]



[ ਰੌਸ਼ਨੀ ਇਮੀਗ੍ਰੇਸ਼ਨ ਦਫ਼ਤਰ 'ਤੇ ਪੈਂਦੀ ਹੈ। ਹਾਪਕਿਨਸਨ ਕਾਹਲੀ ਕਾਹਲੀ ਚੱਕਰ ਲਾ ਰਿਹਾ ਹੈ। ਜੀਨ ਦਾਖ਼ਲ ਹੁੰਦੀ ਹੈ। ਹਾਪਕਿਨਸਨ ਵੱਲ ਦੇਖਦੀ ਹੈ। ਆਪਣੇ ਆਪ 'ਚ ਮੁਸਕ੍ਰਾਉਂਦੀ ਹੈ ਤੇ ਫਿਰ ਬੋਲਦੀ ਹੈ। ]

ਜੀਨ :

ਹਾਇ੍ਹ ਬਿੱਲ।

ਹਾਪਕਿਨਸਨ :

(ਚੌਂਕ ਕੇ) ਓ, ਹਾਇ੍ਹ ਜੀਨ।

ਜੀਨ :

ਕਿਸ ਨੂੰ ਉਡੀਕ ਰਿਹੈਂ ?

ਹਾਪਕਿਨਸਨ :

ਮਿਸਟਰ ਰ੍ਹੀਡ ਨੂੰ, ਅਸੀਂ ਕਾਮਾਗਾਟਾ ਮਾਰੂ 'ਤੇ ਜਾਣੈ।

ਜੀਨ :

ਤੈਨੂੰ ਬੇਲਾ ਸਿੰਘ ਲੱਭ ਰਿਹਾ ਸੀ।

ਹਾਪਕਿਨਸਨ :

ਮਿਲ ਗਿਆ ਸੀ। ਉਸ ਨੇ ਪੂਰੀ ਰਿਪੋਰਟ ਲਿਆਂਦੀ ਹੈ ਲੋਕਲ ਹਿੰਦੂਆਂ ਬਾਰੇ।

ਜੀਨ :

ਕਿਸ ਤਰ੍ਹਾਂ ਦੀ ਐ ਰਿਪੋਰਟ ?

ਹਾਪਕਿਨਸਨ :

ਲੋਕਲ ਹਿੰਦੂਆਂ ਨੇ ਇਕ ਕਮੇਟੀ ਬਣਾਈ ਹੈ ਭਾਗ ਸਿੰਘ ਤੇ ਹਸਨ ਰਹੀਮ ਦੀ ਅਗਵਾਈ ਵਿਚ। ਹੋਰ ਵੀ ਸਾਰੇ, ਬਲਵੰਤ ਸਿੰਘ, ਮੇਵਾ ਸਿੰਘ, ਤੇ ਸੋਹਣ ਲਾਲ ਵਰਗੇ, ਹਿੰਦੂ ਲੀਡਰ ਕਾਮਾਗਾਟਾ ਮਾਰੂ ਲਈ ਬਹੁਤ ਭੱਜ-

ਨੱਸ ਕਰ ਰਹੇ ਨੇ।

ਜੀਨ :

ਫਿਰ ਤਾਂ ਜਾਪਦੈ ਉਹਨਾਂ ਮਿਸਟਰ ਰੀਡ ਦਾ ਡਰ ਨਹੀਂ ਮੰਨਿਆ। ਨਾ ਹੀ ਤੇਰੇ ਤੇ ਬੇਲਾ ਸਿੰਘ ਦੇ ਦਬਾਅ ਦਾ ਕੋਈ ਅਸਰ ਹੋਇਆ।

ਹਾਪਕਿਨਸਨ :

ਸਾਡੇ ਲਈ ਇਹ ਫ਼ਿਕਰ ਵਾਲੀ ਗੱਲ ਐ। ਅਸੀਂ ਚਾਹੁੰਦੇ ਸਾਂ ਇਥੋਂ ਦੇ ਹਿੰਦੂ ਕਾਮਾਗਾਟਾ ਮਾਰੂ ਦੇ ਨੇੜੇ ਨਾ ਲੱਗਣ। ਉਹਨਾਂ ਨੇ ਤਾਂ ਸਾਡੇ ਨਾਲ ਲੜਨ ਲਈ ਇਕ ਵਕੀਲ ਵੀ ਕਰ ਲਿਆ ਹੈ। ਧੜਾ ਧੜ ਪੈਸੇ ਇਕੱਠੇ ਕਰ ਰਹੇ ਹਨ।

ਜੀਨ :

ਵਕੀਲ ? ਕੌਣ ਹੈ ਉਹ ?

ਹਾਪਕਿਨਸਨ :

ਉਹੀ — ਬਰਡ, ਆਇਰਸ਼ ਐ। ਬਲੱਡੀ ਸੋਸ਼ਲਿਸਟ ਹਿੰਦੂਆਂ ਵੱਲ ਬਹੁਤ ਸਿੰਪਥੈਟਿਕ ਐ।

ਜੀਨ :

ਅੱਛਾ, ਫਿਰ ਤਾਂ ਲੋਕਲ ਹਿੰਦੂ ਪੂਰੀ ਤਰ੍ਹਾਂ ਡਟ ਗਏ ਐ। ਵੈਰੀ ਗੁੱਡ।

ਹਾਪਕਿਨਸਨ :

ਵੈਰੀ ਗੁੱਡ ? ਵੱਟ ਯੂ ਮੀਨ ?

ਜੀਨ :

ਬੇਲਾ ਸਿੰਘ ਵਾਂਗ ਗਟਸ ਵਾਲੇ ਬੰਦੇ ਐ। ਫੋਕੇ ਦਬਾਅ ਹੇਠ ਨਹੀਂ ਆਏ। (ਹੱਸਦੀ ਹੈ)

ਹਾਪਕਿਨਸਨ :

ਵੈੱਲ, ਗਟਸ ਤਾਂ ਵੇਖ ਲੈਂਦੇ। ਪਰ ਇਹਨਾਂ ਦਾ ਸਾਡੇ ਮੁਕਾਬਲੇ ਵਿਚ ਕੁਝ ਬਣ ਈ ਨਹੀਂ ਸਕਦਾ।

ਜੀਨ :

ਕਿਉਂ ?

ਹਾਪਕਿਨਸਨ :

ਮਿਸਟਰ ਰੀਡ ਨੇ ਬਰਡ ਨੂੰ ਕਾਮਾਗਾਟਾ ਮਾਰੂ 'ਤੇ ਜਾਣ ਦੀ ਇਜਾਜ਼ਤ ਹੀ ਨਹੀਂ ਦੇਣੀ। ਹਿੰਦੂ ਕਮੇਟੀ ਕੀ ਕਰੂ ਤੇ ਕੀ ਕਰੂ ਉਹਨਾਂ ਦਾ ਵਕੀਲ।



ਜੀਨ :

ਪਰ ਗੁਰਦਿੱਤ ਸਿੰਘ ਤਾਂ ਲੋਕਲ ਹਿੰਦੂਆਂ ਨੂੰ ਕਾਂਟੈਕਟ ਕਰ ਸਕਦੈ।

ਹਾਪਕਿਨਸਨ :

ਕਿਵੇਂ ? ਇਹੋ ਤਾਂ ਮਿਸਟਰ ਰੀਡ ਦੀ ਹੁਸ਼ਿਆਰੀ ਐ। ਉਸ ਨੇ ਗੁਰਦਿੱਤ ਸਿੰਘ ਨੂੰ ਸਾਫ਼ ਕਹਿ ਦਿੱਤਾ ਹੈ ਕਿ ਉਹ ਕੈਨੇਡਾ ਆਉਣ ਲਈ ਇਕ ਆਮ ਮੁਸਾਫ਼ਰ ਹੈ। ਇਸ ਲਈ ਉਸ ਨੂੰ ਵੀ ਜਹਾਜ਼ ਤੋਂ ਉਤਰਨ ਦੀ ਇਜਾਜ਼ਤ ਨਹੀਂ, ਜਿੰਨਾ ਚਿਰ ਇਮੀਗ੍ਰੇਸ਼ਨ ਹਾਂ ਨਾਂ ਕਰੇ।

ਜੀਨ :

ਪਰ ਉਹ ਚਿੱਠੀ ਰਾਹੀਂ ਸਭ ਕੁਝ ਕਹਿ ਸਕਦੈ। ਤਾਰਾਂ ਦੇ ਸਕਦੈ।

ਹਾਪਕਿਨਸਨ :

(ਉੱਚੀ ਉੱਚੀ ਹੱਸਦਾ ਹੈ) ਇਹ ਭੇਦ ਵਾਲੀ ਗੱਲ ਐ ?

ਜੀਨ :

ਕੈਸਾ ਭੇਦ ?

ਹਾਪਕਿਨਸਨ :

ਜੇ ਪਰੌਮਿਸ ਕਰੇਂ ਕਿਸੇ ਨੂੰ ਦਸੇਂਗੀ ਨਹੀਂ, ਤਾਂ...

ਜੀਨ :

ਓ ਕਮ ਆਨ ਬਿੱਲ, ਦੱਸ ਕੀ ਭੇਦ ਐ।

ਹਾਪਕਿਨਸਨ :

ਮਿਸਟਰ ਰੀਡ ਕਾਮਾਗਾਟਾ ਮਾਰੂ ਦੀ ਸਾਰੀ ਡਾਕ ਆਪਣੇ ਕੋਲ ਈ ਰੋਕ ਲੈਂਦਾ ਹੈ।

ਜੀਨ :

(ਅਤਿ ਹੈਰਾਨੀ ਨਾਲ) ਆਪਣੇ ਕੋਲ ?

ਹਾਪਕਿਨਸਨ :

ਉਸ ਨੇ ਡਾਕ ਤੇ ਤਾਰ ਮਹਿਕਮੇ ਨਾਲ ਅੰਦਰੋਂ-ਅੰਦਰ ਗੱਲ ਕੀਤੀ ਹੋਈ ਐ। ਪੋਸਟ ਆਫ਼ਿਸ ਵਾਲੇ ਕਾਮਗਾਟਾ ਮਾਰੂ ਦੀ ਸਾਰੀ ਡਾਕ ਮਿਸਟਰ ਰੀਡ ਨੂੰ ਫੜਾ ਜਾਂਦੇ ਹਨ। ਪਰ ਇਹ ਭੇਦ ਐ — ਓ. ਕੇ. ?

ਜੀਨ :

ਅਨਬਲੀਵੇਬਲ !

ਹਾਪਕਿਨਸਨ :

ਤੈਨੂੰ ਕਿਹਾ ਨਹੀਂ ਸੀ ਮਿਸਟਰ ਰੀਡ ਦੇ ਖ਼ਿਆਲ ਸਭ ਮਹਿਕਮਿਆਂ 'ਤੇ

ਛਾਏ ਹੋਏ ਹਨ।

ਜੀਨ :

ਮੈਨੂੰ ਤਾਂ ਨ੍ਹੀਂ ਯਕੀਨ ਆਉਂਦਾ।

ਹਾਪਕਿਨਸਨ :

(ਇਕ ਕਾਗ਼ਜ਼ ਵਿਖਾਉਂਦਾ ਹੋਇਆ) ਆਹ ਪਤੈ ਕੀ ਐ ?

ਜੀਨ :

ਕੀ ?

ਹਾਪਕਿਨਸਨ :

ਗੁਰਦਿੱਤ ਸਿੰਘ ਦੀ ਗਵਰਨਰ ਜਨਰਲ ਵੱਲ ਭੇਜੀ ਹੋਈ ਤਾਰ — ਮਿਸਟਰ ਰ੍ਹੀਡ ਦੇ ਵਿਰੁੱਧ।

ਜੀਨ :

ਜੀਜ਼ਜ਼ ! ਫਿਰ ਤਾਂ ਰ੍ਹੀਡ ਉਸ ਦੇ ਹੋਰ ਵੀ ਖ਼ਿਲਾਫ਼ ਹੋ ਜਾਵੇਗਾ।

ਹਾਪਕਿਨਸਨ :

ਬੱਸ ਕਾਮਾਗਾਟਾ ਮਾਰੂ ਥੋੜੇ ਦਿਨਾਂ ਦਾ ਈ ਪ੍ਰਾਹੁਣਾ ਐ, ਹੁਣ ਤਾਂ।

ਜੀਨ :

ਵਿਚਾਰੇ ਮੁਸਾਫ਼ਰ ? ਕੀ ਉਮੀਦਾਂ ਲੈ ਕੇ ਆਏ ਹੋਣਗੇ !

ਹਾਪਕਿਨਸਨ :

ਤੂੰ ਵੇਖਦੀ ਜਾਹ ਸਾਡੇ ਹੱਥ। ਹਿੰਦੂ ਲੀਡਰਜ਼ ਆਪਣੇ ਆਪ ਨੂੰ ਬਹੁਤ ਸਮਾਰਟ ਸਮਝਣ ਲੱਗ ਪਏ ਐ। ਅਸੀਂ ਵੀ ਉਹ ਸਬਕ ਸਿਖਾਵਾਂਗੇ ਜਿਹੜਾ ਯਾਦ ਰੱਖਣ।

ਜੀਨ :

ਆਹ ਤੇਰੇ ਹੱਥ 'ਚੋਂ ਕੀ ਡਿੱਗ ਪਿਐ, ਬਿੱਲ ?

ਹਾਪਕਿਨਸਨ :

(ਚੁੱਕਦਾ ਹੋਇਆ) ਪਤੈ ਕੀ ਐ ਇਹ ?

ਜੀਨ :

ਕੀ ?

ਹਾਪਕਿਨਸਨ :

ਇਹ ਚਿੱਠੀਆਂ ਕਾਮਾਗਾਟਾ ਮਾਰੂ ਦੇ ਸੈਕਟਰੀ ਦਲਜੀਤ ਸਿੰਘ ਵਲੋਂ ਆਈਆਂ ਹਨ। ਰ੍ਹੀਡ ਨੇ ਤਾਂ ਕੂੜੇ ਵਿਚ ਸੁੱਟ ਦਿੱਤੀਆਂ ਸੀ, ਮੈਂ ਚੁੱਕ ਲਈਆਂ।



ਜੀਨ :

ਕਿਉਂ ?

ਹਾਪਕਿਨਸਨ :

ਇਹਨਾਂ ਵਿਚ ਉਸ ਨੇ ਮੁਸਾਫ਼ਰਾਂ ਵਲੋਂ ਰਾਸ਼ਨ ਲਈ ਤਰਲੇ ਪਾਏ ਐ, ਜਿਵੇਂ ਜਿਵੇਂ ਰਾਸ਼ਨ ਮੁੱਕਣ 'ਤੇ ਆਉਂਦਾ ਗਿਆ, ਉਵੇਂ ਉਵੇਂ ਤਰਲੇ ਵੀ ਵਧਦੇ ਗਏ ਐ। ਮੈਨੂੰ ਹਿੰਦੂ ਤਰਲੇ ਕੱਢਦੇ ਚੰਗੇ ਲੱਗਦੇ ਐ।

ਜੀਨ :

ਓ ਬਿੱਲ, ਦਿਸ ਇਜ਼ ਨਾਟ ਫ਼ੇਅਰ। ਮਿਸਟਰ ਰ੍ਹੀਡ ਇਥੋਂ ਤੱਕ ਵੀ ਜਾ ਸਕਦੇ ਐ, ਮੈਂ ਇਹ ਕਦੀ ਸੋਚ ਵੀ ਨਹੀਂ ਸਕਦੀ।

ਹਾਪਕਿਨਸਨ :

ਕਿਉਂ ਨਹੀਂ ਸੋਚ ਸਕਦੀ, ਹਿੰਦੂ ਡੀਜ਼ਰਵ ਈ ਇਹੋ ਕਰਦੇ ਐ। ਇਸੇ ਦੇ ਹੀ ਕਾਬਲ ਹਨ।

ਜੀਨ :

ਨੋ ਬਿੱਲ, ਕੋਈ ਵੀ ਇਹ ਡਿਜ਼ਰਵ ਨਹੀਂ ਕਰਦਾ, ਆਈ ਐਮ ਅਸ਼ੇਮਡ ਔਫ਼ ਯੂ।

ਹਾਪਕਿਨਸਨ :

ਅਜੀਬ ਸੋਚ ਏ ਤੇਰੀ। ਤੂੰ ਜਹਾਜ਼ 'ਤੇ ਜਾ ਕੇ ਵੇਖਿਆ ਨਹੀਂ ਹਿੰਦੂਆਂ ਨੂੰ। ਨਿਰੇ ਗੰਵਾਰ ਤੇ ਅਨਪੜ੍ਹ ਨੇ।

ਜੀਨ :

ਪਰ ਅਖ਼ਬਾਰਾਂ ਵਾਲਿਆਂ ਨੇ ਤਾਂ ਲਿਖਿਆ ਸੀ, ਉਹ ਪੂਰੇ ਸਿਵਲਾਈਜ਼ਡ ਨੇ। ਥੋੜੀ ਬਹੁਤੀ ਇੰਗਲਸ਼ ਵੀ ਸਾਰੇ ਬੋਲ ਲੈਂਦੇ ਐ। ਕਈ ਤਾਂ ਐਕਸੀਲੈਂਟ ਇੰਗਲਸ਼ ਬੋਲਦੇ ਐ।

ਹਾਪਕਿਨਸਨ :

ਅਖ਼ਬਾਰਾਂ ਵਾਲਿਆਂ ਦਾ ਕੀ ਐ। ਐਵੇਂ ਕੋਈ ਵਿਕਟੋਰੀਆ ਦਾ ਕਰੇਜ਼ੀ ਰਿਪੋਰਟਰ ਚਲਾ ਗਿਆ ਹੋਣੈ ਜਹਾਜ਼ 'ਤੇ।

ਜੀਨ :

ਮੇਰੇ ਖ਼ਿਆਲ 'ਚ ਤਾਂ ਕੋਈ ਠੀਕ ਦਿਮਾਗ਼ ਵਾਲਾ ਰਿਪੋਰਟਰ ਈ ਹੋਣੈ। ਨਹੀਂ ਤਾਂ ਉਹ ਹਿੰਦੂਆਂ ਦੇ ਹੱਕ ਵਿਚ ਕਿਉਂ ਲਿਖਦਾ ?

ਹਾਪਕਿਨਸਨ :

ਚਲੋ ਰਿਪੋਰਟਰ ਕੁਝ ਲਿਖੀ ਜਾਣ। ਇਸ ਨਾਲ ਕੋਈ ਫ਼ਰਕ ਨਹੀਂ

ਪੈਣਾ।

ਜੀਨ :

ਫ਼ਰਕ ਕਿਉਂ ਨਹੀਂ ਪੈਣਾ ? ਹਿੰਦੂ ਇਹਨਾਂ ਰੀਪੋਰਟਾਂ ਨੂੰ ਇੰਕਵਾਇਰੀ ਬੋਰਡ ਸਾਹਮਣੇ ਆਪਣੇ ਹੱਕ ਵਿਚ ਵਰਤ ਸਕਦੇ ਨੇ।

ਹਾਪਕਿਨਸਨ :

ਇੰਕਵਾਇਰੀ ਬੋਰਡ ? (ਹਾ... ਹਾ... ਉੱਚੀ ਹੱਸਦਾ ਹੈ)

ਜੀਨ :

ਇਹਦੇ ਵਿਚ ਹੱਸਣ ਵਾਲੀ ਕਿਹੜੀ ਗੱਲ ਐ ? ਕਾਮਾਗਾਟਾ ਮਾਰੂ ਦਾ ਫ਼ੈਸਲਾ ਕਰਨ ਵਾਸਤੇ ਇੰਕਵਾਇਰੀ ਬੋਰਡ ਨਹੀਂ ਬਣਿਆਂ ?

ਹਾਪਕਿਨਸਨ :

ਹਾਂ ਬਣਿਐਂ ਇੰਕਵਾਇਰੀ ਬੋਰਡ, ਗੁਰਦਿੱਤ ਸਿੰਘ ਵਲੋਂ ਮਿਸਟਰ ਰੀਡ ਦੇ ਵਿਰੁਧ ਸ਼ਕਾਇਤਾਂ ਕਰਨ 'ਤੇ ! (ਫਿਰ ਉੱਚੀ ਉੱਚੀ ਹੱਸਦਾ ਹੈ)

ਜੀਨ :

ਫੇਰ ਹੱਸਣ ਵਾਲੀ ਕਿਹੜੀ ਗੱਲ ਐ ? ਆਈ ਡੋਂਟ ਲਾਈਕ ਇੱਟ।

ਹਾਪਕਿਨਸਨ :

ਪਤੈ ਚੇਅਰਮੈਨ ਕੌਣ ਐ ਬੋਰਡ ਦਾ ?

ਜੀਨ :

ਕੌਣ ਐਂ ?

ਹਾਪਕਿਨਸਨ :

ਮਿਸਟਰ ਰੀਡ। (ਫਿਰ ਹੱਸਦਾ ਹੈ)

ਜੀਨ :

ਆਰ ਯੂ ਕਿੱਡਿੰਗ ? ਕਿਸ ਨੇ ਬਣਾਇਆ ਬੋਰਡ ?

ਹਾਪਕਿਨਸਨ :

ਗਵਰਨਮੈਂਟ ਨੇ, ਹੋਰ ਕਿਸ ਨੇ ? (ਫੇਰ ਹੱਸਦਾ ਹੈ)

[ ਫ਼ੋਨ ਦੀ ਘੰਟੀ ਵੱਜਦੀ ਹੈ, ਜੀਨ 'ਇਕਸਕਿਊਜ਼ ਮੀ' ਕਹਿ ਕੇ ਫ਼ੋਨ ਚੁੱਕਦੀ ਹੈ। ]

ਜੀਨ :

ਹੈਲੋ ! ਇਮੀਗ੍ਰੇਸ਼ਨ...



[ ਹਾਪਕਿਨਸਨ ਜੀਨ ਵੱਲ ਤੱਕਦਾ ਰਹਿੰਦਾ ਹੈ। ਜੀਨ ਕੁਝ ਚਿਰ ਪਿੱਛੋਂ 'ਔਲਰਾਈਟ, ਥੈਂਕਸ' ਕਹਿ ਕੇ ਫ਼ੋਨ ਰੱਖ ਦਿੰਦੀ ਹੈ। ]

ਜੀਨ :

ਬਿੱਲ, ਮਿਸਟਰ ਰੀਡ ਤੈਨੂੰ ਕਾਮਾਗਾਟਾ ਮਾਰੂ 'ਤੇ ਆਉਣ ਲਈ ਕਹਿੰਦੇ ਹਨ। ਉਹ ਇਥੇ ਨਹੀਂ ਆ ਰਹੇ।

ਹਾਪਕਿਨਸਨ :

ਓ, ਅੱਛਾ, ਸੀ ਯੂ ਲੇਟਰ ਦੇਨ !

[ ਉਹ ਜਾਂਦਾ ਹੈ। ]

[ ਰੌਸ਼ਨੀ ਕਾਮਾਗਾਟਾ ਮਾਰੂ 'ਤੇ ਪੈਂਦੀ ਹੈ। ਇਸ ਸਮੇਂ ਔਰਤ ਬੱਚੇ ਨੂੰ ਆਪਣੇ ਨਾਲ ਸੰਭਾਲ ਕੇ ਤੋਰਦੀ ਹੋਈ ਦਾਖ਼ਲ ਹੁੰਦੀ ਹੈ, ਬੱਚਾ ਨਿਢਾਲ ਜਿਹੀ ਹਾਲਤ ਵਿਚ ਹੈ। ਔਰਤ ਬੱਚੇ ਨੂੰ ਲਿਟਾ ਕੇ ਉਸ ਦੇ ਵਾਲਾਂ ਵਿਚ ਹੱਥ ਫੇਰਦੀ ਹੈ। ਫਿਰ ਉੱਠ ਕੇ ਕਾਹਲੀ ਕਾਹਲੀ ਏਧਰ ਉਧਰ ਕੁਝ ਢੂੰਡਦੀ ਹੈ। ਮੇਜ਼ ਤੋਂ ਇਕ ਕੱਪ ਚੁੱਕ ਕੇ ਬੱਚੇ ਵੱਲ ਲਿਆਉਂਦੀ ਹੈ ਪਰ ਉਹ ਖ਼ਾਲੀ ਹੈ। ਬੇ-ਬਸੀ ਜਿਹੀ ਵਿਚ ਖੜ੍ਹ ਕੇ ਬੋਲਣ ਲੱਗ ਪੈਂਦੀ ਹੈ। ]

ਔਰਤ :

ਅਖੇ, ਅੰਗਰੇਜ ਦੇ ਰਾਜ ਵਿਚ ਬੜਾ ਅਨਸਾਫ ਐ। ਬੱਕਰੀ ਤੇ ਸ਼ੇਰ ਇਕੋ ਘਾਟ ਤੋਂ ਪਾਣੀ ਪੀਂਦੇ ਐ। ਆਹ ਵੇਖ ਲੋ ਇਨਸਾਫ ਹੁੰਦਾ ! ਤਰਲੇ ਕਰ ਕਰ ਮਰ ਗਏ ਆਂ। ਕੋਈ ਪਾਣੀ ਦੀ ਘੁੱਟ ਨ੍ਹੀਂ ਲਿਆ ਕੇ ਦਿੰਦਾ। ਅਖੇ ਗੋਰਿਆਂ ਦੇ ਮੁਲਕ ਵਿਚ ਦੁੱਧ ਦੀਆਂ ਨਦੀਆਂ ਵਗਦੀਆਂ ਨੇ। ਮੇਰਾ ਲਾਲ ਤਾਂ ਪਾਣੀ ਦੀ ਘੁੱਟ ਖੁਣੋਂ ਬੋਲਣੋ ਵੀ ਰਹਿ ਗਿਐ। ਪਾਣੀਓਂ ਪਤਲੀ ਵੀ ਕੋਈ ਚੀਜ ਐ। ਕਿਹੋ ਜਿਹੇ ਲੋਕ ਐ ਇਸ ਮੁਲਕ ਵਿਚ। ਇਨਸਾਨ ਐ ਕਿ ਪੱਥਰ... ਬਈ ਜਦੋਂ ਉਤਰਾਂਗੇ ਵੇਖੀ ਜਾਊ। ਨਹੀਂ ਉਤਰਨ ਦਿੰਦੇ ਤਾਂ ਨਾ ਸਹੀ। ਮੈਂ ਤਾਂ ਕਹਿਨੀ ਆਂ ਕੀ ਲੈਣਾ ਇਥੇ ਉਤਰ ਕੇ। ਜਿਹੋ ਜਿਹਾ ਹੁਣ ਵਰਤਾ ਕਰੀ ਜਾਂਦੇ ਐ ਉਹੋ ਜਿਹਾ ਫਿਰ ਕਰਨਗੇ। ਘਰੇ ਜਿਹੋ-ਜਿਹੀ ਰੁੱਖੀ-ਮਿੱਸੀ ਮਿਲਦੀ ਸੀ ਚੰਗੀ ਸੀ। ਐਂ ਤਾਂ ਨ੍ਹੀਂ ਰੁਲਦੇ ਸੀ। ਐਥੇ ਤਾਂ ਸਾਨੂੰ ਭਿਖਾਰੀ ਸਮਝਦੇ ਐ। ਮੰਗਤਿਆਂ ਨੂੰ ਵੀ ਲੋਕ ਪਾਣੀ ਦਾ ਘੁੱਟ ਦੇ ਦਿੰਦੇ ਐ... (ਕੁਝ ਪਲ ਰੁਕ ਕੇ)... ਹਾਂ, ਹੁਣ ਤਾਂ ਅਸੀਂ ਮੰਗਤੇ ਹੋ ਗੇ... ਉਦੋਂ ਕਹਿੰਦੇ ਸੀ ਪੰਜਾਬੀ ਬੜੇ ਬਹਾਦਰ ਐ। ਬੜੇ ਸੂਰਮੇ ਐ। ਅੰਗਰੇਜੀ ਰਾਜ ਦੇ ਰਾਖੇ ਐ। ਪਤੈ ਮੇਰਾ ਵੱਡਾ ਕਿਵੇਂ



ਮਰਿਆ ਸੀ — ਕਰਪਾਲ ? ਮੋਰਚੇ 'ਤੇ, ਫੌਜ ਵਿਚ ਲੜਦਾ ਲੜਦਾ। ਆਪਣੇ ਜ਼ਖ਼ਮੀ ਹੋਏ ਗੋਰੇ ਅਫਸਰ ਨੂੰ ਪਾਣੀ ਪਿਉਂਦਾ ਪਿਉਂਦਾ । ਜਾਨ ਵਾਰ'ਤੀ ਮੇਰੇ ਲਾਲ ਨੇ ਗੋਰਿਆਂ ਵਾਸਤੇ। ਜਾਰਜ ਦੇ ਰਾਜ ਵਾਸਤੇ। ਮੈਂ ਆਪਣੇ ਜਿਗਰ ਦਾ ਟੋਟਾ ਵਾਰ'ਤਾਂ... ਤੇ ਆਹ ਵੇਖ ਲੈ ਹੁਣ ਉਹਦਾ ਫਲ ਮਿਲਦਾ। ਕਹਿੰਦੇ ਤਿਹਾਈ ਮਰ ਜਾ, ਤੜਫ ਤੜਫ ਕੇ। ਨਾਲੇ ਮਰੇ ਤੇਰਾ... ਦੁਰਫਿੱਟੇ ਮੂੰਹ ਐਹੋ ਜਿਹੇ ਅਨਸਾਫ ਦੇ, ਲਾਹਣਤ ਐ ਇਹੋ ਜਿਹੀ ਸਰਕਾਰ ਦੇ...

[ ਉਹਦਾ ਗੱਚ ਭਰ ਆਉਂਦਾ ਹੈ ਤੇ ਹੌਲੀ ਹੌਲੀ ਅੰਦਰ ਵੱਲ ਨੂੰ ਜਾਂਦੀ ਹੈ। ]

[ ਰੌਸ਼ਨੀ ਗੁਰਦੁਆਰੇ 'ਤੇ ਪੈਂਦੀ ਹੈ। ਮੇਵਾ ਸਿੰਘ ਕਾਹਲੀ ਕਾਹਲੀ ਕਪੜੇ ਦੀ ਗੱਠ ਬੰਨ੍ਹ ਰਿਹਾ ਹੈ। ਉਸ ਕੋਲ ਇਕ ਦੋ ਭਾਂਡੇ ਵੀ ਪਏ ਹਨ। ਭਾਗ ਸਿੰਘ ਦਾਖ਼ਲ ਹੁੰਦਾ ਹੈ। ]

ਮੇਵਾ ਸਿੰਘ :

ਭਾਗ ਸਿੰਘ ਜੀ, ਰਾਸ਼ਨ ਤਾਂ ਤਿਆਰ ਐ। ਆਪਾਂ ਨੂੰ ਹੁਣ ਜਹਾਜ਼ 'ਤੇ ਛੇਤੀ ਤੋਂ ਛੇਤੀ ਪਹੁੰਚਾਣਾ ਚਾਹੀਦੈ।

ਭਾਗ ਸਿੰਘ :

ਮੁਸ਼ਕਿਲ ਤਾਂ ਇਹ ਐ ਕਿ ਜਹਾਜ਼ 'ਤੇ ਰਾਸ਼ਨ ਪਹੁੰਚੇ ਕਿਸ ਤਰ੍ਹਾਂ ? ਇਮੀਗ੍ਰੇਸ਼ਨ ਵਾਲਿਆਂ ਨੇ ਤਾਂ ਮੇਰੀ ਗੱਲ ਵੀ ਨਹੀਂ ਸੁਣੀ। ਬਲਵੰਤ ਸਿੰਘ ਹੁਰਾਂ ਦਾ ਕੀ ਖ਼ਿਆਲ ਐ ?

ਮੇਵਾ ਸਿੰਘ :

ਬਲਵੰਤ ਸਿੰਘ ਜੀ, ਸੋਹਣ ਲਾਲ ਤੇ ਮੈਂ ਅੱਜ ਸਾਰਾ ਦਿਨ ਸਕੀਮ ਬਣਾਉਂਦੇ ਰਹੇ ਹਾਂ। ਇਮੀਗ੍ਰੇਸ਼ਨ ਵਾਲੇ ਆਪਣੀ ਗੱਲ ਸੁਣਨ ਜਾਂ ਨਾ ਸੁਣਨ ਅੱਜ ਆਪਾਂ ਨੂੰ ਰਾਸ਼ਨ ਜ਼ਰੂਰ ਪਹੁੰਚਾਣਾ ਚਾਹੀਦੈ। ਭਾਵੇਂ ਚੋਰੀ-ਛੁਪੇ ਜਾਣਾ ਪਵੇ।

ਭਾਗ ਸਿੰਘ :

ਇਮੀਗ੍ਰੇਸ਼ਨ ਵਾਲਿਆਂ ਤੋਂ ਚੋਰੀ ?

ਮੇਵਾ ਸਿੰਘ :

ਹਾਂ। ਸਕੀਮ ਇਹ ਬਣੀ ਐਂ ਕਿ ਇਕ ਬੋਟ ਕਿਰਾਏ ਤੇ ਲੈ ਕੇ ਰਾਸ਼ਨ ਲੱਦੀਏ ਤੇ ਕਾਮਾਗਾਟਾ ਮਾਰੂ ਉੱਤੇ ਰਾਤ ਨੂੰ ਜਦੋਂ ਮੌਕਾ ਲੱਗੇ ਪਹੁੰਚਾਣ ਦੀ ਕੋਸ਼ਿਸ਼ ਕਰੀਏ।

ਭਾਗ ਸਿੰਘ :

ਮੈਂ ਇਸ ਸਕੀਮ ਨਾਲ ਤਾਂ ਸਹਿਮਤ ਹਾਂ। ਪਰ ਜਹਾਜ਼ ਦੁਆਲੇ ਤਾਂ ਚੌਵੀ



ਘੰਟੇ ਜੰਗੀ ਬੋਟਾਂ ਦਾ ਪਹਿਰਾ ਰਹਿੰਦੈ।

ਮੇਵਾ ਸਿੰਘ :

ਉਹਨਾਂ ਤੋਂ ਚੋਰੀ-ਛੁਪੇ ਹੀ ਜਾਣਾ ਪਏਗਾ, ਖ਼ਤਰਾ ਮੁੱਲ ਲੈ ਕੇ। ਭਾਗ ਸਿੰਘ ਜੀ, ਸਾਨੂੰ ਯਤਨ ਤਾਂ ਕਰਨਾ ਚਾਹੀਦੈ, ਕਾਮਯਾਬ ਹੋਈਏ ਜਾਂ ਨਾ ਹੋਈਏ।

ਭਾਗ ਸਿੰਘ :

ਜੇ ਇਹ ਸ਼ੁਭ ਕੰਮ ਸਿਰੇ ਚੜ੍ਹ ਸਕੇ ਤਾਂ ਬਹੁਤ ਕਮਾਲ ਐ। ਅੱਜ ਰਾਤ ਨੂੰ ਕਮਰਕੱਸੇ ਕਰ ਲਉ। ਹਸਨ ਜੀ ਵੀ ਏਥੇ ਆਉਣ ਵਾਲੇ ਈ ਨੇ। ਉਹਨਾਂ ਨਾਲ ਵੀ ਸਲਾਹ ਕਰ ਲਵਾਂਗੇ।

ਮੇਵਾ ਸਿੰਘ :

ਚੰਗਾ, ਮੈਂ ਤਾਂ ਫਿਰ ਬਲਵੰਤ ਸਿੰਘ ਹੋਰਾਂ ਵੱਲ ਚਲਦਾ ਹਾਂ, ਤੁਹਾਨੂੰ ਰਾਤ ਨੂੰ ਈ ਮਿਲਾਂਗੇ।

[ ਮੇਵਾ ਸਿੰਘ ਜਾਂਦਾ ਹੈ। ਭਾਗ ਸਿੰਘ ਇਕ ਪਲ ਇੱਕਲਾ ਹੀ ਟਹਿਲਦਾ ਹੈ। ਹਸਨ ਰਹੀਮ ਦਾਖ਼ਲ ਹੁੰਦਾ ਹੈ। ]

ਭਾਗ ਸਿੰਘ :

ਆਉ ਹਸਨ ਜੀ, ਮੈਂ ਤੁਹਾਨੂੰ ਉਡੀਕ ਰਿਹਾ ਸਾਂ। ਇੰਕੁਵਾਇਰੀ ਬੋਰਡ ਦੇ ਸਾਹਮਣੇ ਪੇਸ਼ ਕਰਨ ਲਈ ਬਰਡ ਨੇ ਕਾਗ਼ਜ਼ ਤਿਆਰ ਕਰ ਲਏ ?

ਹਸਨ ਰਹੀਮ :

ਇੰਕਵਾਇਰੀ ਬੋਰਡ ਸੱਭ ਢੌਂਗ ਐ, ਆਪਣੀਆਂ ਅੱਖਾਂ 'ਚ ਘੱਟਾ ਪਾਉਣ ਲਈ। ਬੋਰਡ ਦਾ ਚੇਅਰਮੈਨ ਰ੍ਹੀਡ ਨੂੰ ਹੀ ਬਣਾ ਦਿੱਤੈ ਗਵਰਨਮੈਂਟ ਨੇ।

ਭਾਗ ਸਿੰਘ :

ਰ੍ਹੀਡ ਨੂੰ ? ਰ੍ਹੀਡ ਦੇ ਫ਼ੈਸਲੇ ਦਾ ਤਾਂ ਪਤਾ ਈ ਐ।

ਹਸਨ ਰਹੀਮ :

ਦੁੱਖ ਦੀ ਗੱਲ ਤਾਂ ਇਹ ਹੈ ਕਿ ਰ੍ਹੀਡ ਬਰਡ ਦੀ ਕੋਈ ਗੱਲ ਨਹੀਂ ਸੁਣਦਾ। ਕਾਨੂੰਨ ਅਨੁਸਾਰ ਬਰਡ ਗੁਰਦਿੱਤ ਸਿੰਘ ਦਾ ਵਕੀਲ ਹੈ ਪਰ ਉਸ ਨੂੰ ਕਾਮਾਗਾਟਾ ਮਾਰੂ 'ਤੇ ਇਕ ਵਾਰ ਵੀ ਜਾਣ ਦੀ ਇਜਾਜ਼ਤ ਨਹੀਂ ਦਿੱਤੀ ਗਈ।

ਭਾਗ ਸਿੰਘ :
ਮੈਨੂੰ ਇਕ ਵਿਚਾਰ ਸੁੱਝਿਐ, ਹਸਨ ਜੀ, ਜੇ ਬਰਡ ਆਪਣਾ ਕਿਹਾ ਮੰਨ ਜਾਵੇ ਤਾਂ।

ਹਸਨ ਰਹੀਮ :
ਕੀ ?

ਭਾਗ ਸਿੰਘ :
ਆਪਾਂ ਬਰਡ ਨੂੰ ਕੋਰਟ ਅੱਗੇ ਜਾ ਕੇ ਪਬਲਿਕ ਮੀਟਿੰਗਾਂ ਕਰਨ ਲਈ ਕਹੀਏ, ਉਥੇ ਉਹ ਰੀਡ ਦਾ ਤੇ ਇਮੀਗ੍ਰੇਸ਼ਨ ਡਿਪਾਰਟਮੈਂਟ ਦਾ ਚੰਗੀ ਤਰ੍ਹਾਂ ਭਾਂਡਾ ਭੰਨੇ। ਗੋਰੇ ਅਤੇ ਆਪਣੇ ਲੋਕਾਂ ਅੱਗੇ। ਅਖ਼ਬਾਰਾਂ ਵਾਲੇ ਰਿਪੋਰਟਰ ਵੀ ਆਉਣਗੇ। ਫੇਰ ਸ਼ਾਇਦ ਇਮੀਗ੍ਰੇਸ਼ਨ ਵਾਲਿਆਂ ਨੂੰ ਕੋਈ ਸੁਰਤ ਆ ਜਾਵੇ।

ਹਸਨ ਰਹੀਮ :
ਵਿਚਾਰ ਤੁਹਾਡਾ ਬਹੁਤ ਕਾਰਗਰ ਲੱਗਦੈ।

ਭਾਗ ਸਿੰਘ :
ਇਨ੍ਹਾਂ ਮੀਟਿੰਗਾਂ ਬਾਰੇ ਅਖ਼ਬਾਰਾਂ ਵਿਚ ਛਪੇਗਾ। ਤੁਸੀਂ ਆਪਣੇ ਮੈਗਜ਼ੀਨ 'ਹਿੰਦੁਸਤਾਨੀ' ਵਿਚ ਛਾਪੋ। ਡਾਕਟਰ ਸੁੰਦਰ ਸਿੰਘ ਆਪਣੇ ਪਰਚੇ 'ਸੰਸਾਰ' ਵਿਚ ਲਿਖਣ। 'ਗ਼ਦਰ' ਵਿਚ ਛਪੇ। ਸ਼ਾਇਦ ਇਮੀਗ੍ਰੇਸ਼ਨ ਵਾਲਿਆਂ ਦੇ ਕੰਨ ਖੁੱਲ੍ਹ ਜਾਣ।

ਹਸਨ ਰਹੀਮ :
ਫਿਰ ਆਪਾਂ ਨੂੰ ਬਰਡ ਨਾਲ ਤੁਰਤ ਗੱਲ ਕਰਨੀ ਚਾਹੀਦੀ ਹੈ ਤੇ ਪਬਲਿਕ ਮੀਟਿੰਗ ਬੁਲਾਉਣੀ ਚਾਹੀਦੀ ਹੈ। ਮੈਂ ਕਲ੍ਹ ਹੀ ਬਰਡ ਨੂੰ ਮਿਲਾਂਗਾ।

ਭਾਗ ਸਿੰਘ :
ਹਸਨ ਜੀ, ਤੁਸੀਂ ਹੀ ਇਸ ਕੰਮ ਨੂੰ ਕਾਮਯਾਬੀ ਨਾਲ ਸਿਰੇ ਚਾੜ੍ਹ ਸਕਦੇ ਹੋ।

ਹਸਨ ਰਹੀਮ :
ਚੰਗਾ ਫਿਰ ਮੈਂ ਜਾਨਾਂ। ਤੁਸੀਂ ਹੁਣ ਦੂਜਰੇ ਕੰਮਾਂ ਵੱਲ ਧਿਆਨ ਦਿਓ।

[ ਹਸਨ ਰਹੀਮ ਹੱਥ ਮਿਲਾ ਕੇ ਜਾਂਦਾ ਹੈ। ਪਿੱਛੋਂ ਭਾਗ ਸਿੰਘ ਵੀ ਜਾਂਦਾ ਹੈ। ]



[ ਨੀਲੀ ਰੌਸ਼ਨੀ ਕਾਮਾਗਾਟਾ ਮਾਰੂ 'ਤੇ ਪੈਂਦੀ ਹੈ। ਪਿਛੋਕੜ ਵਿੱਚੋਂ ਪਾਣੀ ਦੀਆਂ ਛੱਲਾਂ ਦੀ ਆਵਾਜ਼ ਆਉਂਦੀ ਹੈ। ਇਕ ਮੋਟਰ-ਬੋਟ ਸਟਾਰਟ ਹੋਣ ਦੀ ਅਤੇ ਫਿਰ ਤੇਜ਼ ਹੋਣ ਦੀ ਆਵਾਜ਼ ਆਉਂਦੀ ਹੈ। ਬੋਟ ਦੀ ਆਵਾਜ਼ ਬੰਦ ਹੁੰਦੀ ਹੈ। ਪਾਣੀ ਦੀਆਂ ਛੱਲਾਂ ਦੀ ਆਵਾਜ਼ ਅਤੇ ਨਾਲ ਨਾਲ ਉਤਸੁਕਤਾ ਵਾਲਾ ਸੰਗੀਤ ਚਲਦਾ ਹੈ। ਸੰਗੀਤ ਬੰਦ ਹੁੰਦਾ ਹੈ। ਜਹਾਜ਼ ਉਤੇ ਇਕ ਦੋ ਪੰਛੀਆਂ ਦੀਆਂ ਆਵਾਜ਼ਾਂ ਆਉਂਦੀਆਂ ਹਨ, ਜੋ ਅਚਾਨਕ ਬੋਟ ਦੀ ਆਵਾਜ਼ ਨਾਲ ਤ੍ਰਭਕ ਕੇ ਜਾਗ ਪਏ ਹਨ। ]

ਆਵਾਜ਼ 1 :
ਕਮਾਲ ਹੋ ਗਈ ! ਆਪਾਂ ਸਾਰੀਆਂ ਅਗਨਬੋਟਾਂ ਤੋਂ ਲੰਘ ਕੇ ਆ ਗਏ, ਕਿਸੇ ਨੂੰ ਆਪਣੇ 'ਤੇ ਸ਼ੱਕ ਨਹੀਂ ਪਿਆ।

ਆਵਾਜ਼ 2 :
ਲੱਗਦੈ ਪੁਲੀਸ ਵਾਲੇ ਸਾਰੇ ਸੁੱਤੇ ਪਏ ਨੇ — ਆਪੋ ਆਪਣੀਆਂ ਬੋਟਾਂ ਵਿਚ।

ਆਵਾਜ਼ 3 :
ਮੇਵਾ ਸਿੰਘ, ਆਪਾਂ ਹੁਣ ਗੱਲਾਂ 'ਚ ਸਮਾਂ ਨਾ ਗੁਆਈਏ, ਰਾਸ਼ਨ ਸੁਟੀਏ। ਛੇਤੀ।

ਆਵਾਜ਼ 1 :
ਹਾਂ ਠੀਕ ਏ। ਜੇ ਪੋਲੀਸ ਨੂੰ ਪਤਾ ਲੱਗ ਗਿਆ ਤਾਂ ਪਤਾ ਨਹੀਂ ਕੀ ਨਤੀਜਾ ਨਿਕਲੇ। ਇਸ ਤੋਂ ਪਹਿਲਾਂ ਰਾਸ਼ਨ ਇਕ ਵਾਰ ਜਹਾਜ਼ 'ਤੇ ਸੁੱਟ ਦੇਈਏ, ਫਿਰ ਵੇਖੀ ਜਾਉ ਜਿਵੇਂ ਹੋਵੇਗੀ।

ਆਵਾਜ਼ 3 :

ਮੇਵਾ ਸਿੰਘ, ਲਉ ਉਪਰੋਂ ਜਹਾਜ਼ ਤੋਂ ਵੀ ਬੰਦੇ ਆ ਗਏ । ਹੁਣ ਢਿੱਲ ਨਾ ਕਰੀਏ ।

[ ਛੱਲਾਂ ਦੀਆਂ ਆਵਾਜ਼ਾਂ, ਪਾਣੀ ਵਿਚ ਚੀਜ਼ਾਂ ਡਿੱਗਣ ਦੀਆਂ ਆਵਾਜ਼ਾਂ । ਇਕ ਬੋਟ ਚਲਣ ਦੀ ਆਵਾਜ਼ ਆਉਂਦੀ ਹੈ ਤੇ ਬੰਦ ਹੁੰਦੀ ਹੈ । ]

ਆਵਾਜ਼ 2 :

ਮੇਵਾ ਸਿੰਘ, ਜਾਪਦੈ ਕਿਸੇ ਅਗਨਬੋਟ ਵਾਲਿਆਂ ਨੂੰ ਆਪਣਾ ਪਤਾ ਲੱਗ ਗਿਐ ।

ਆਵਾਜ਼ 3 :

ਹਾਂ ਜਾਪਦਾ ਤਾਂ ਇਸੇ ਤਰ੍ਹਾਂ ਹੀ ਏ । ਔਹ ਟਾਰਚ ਲਾਈਟ ਵੀ ਉਧਰੋਂ ਹੀ ਪਈ ਏ ।

ਆਵਾਜ਼ 1 :

ਹੋ ਸਕਦੈ ਆਪਾਂ ਨੂੰ ਇਹ ਹੁਣ ਘੇਰੇ ਵਿਚ ਲੈ ਲੈਣ ।

ਆਵਾਜ਼ 3 :

ਆਪਾਂ ਹਿੰਮਤ ਕਰਕੇ ਰਹਿੰਦਾ ਰਾਸ਼ਨ ਵੀ ਜਹਾਜ਼ ਉੱਤੇ ਸੁੱਟ ਦੇਈਏ । ਪੁਲੀਸ ਵਾਲਿਆਂ ਇਹੋ ਸਮਝਣੈ ਕਿ ਆਪਾਂ ਕਾਮਾਗਾਟਾ ਮਾਰੂ ਦੇ ਮੁਸਾਫ਼ਰ ਹਾਂ ਤੇ ਜਹਾਜ਼ ਤੋਂ ਉਤਰ ਕੇ ਨੱਸਣ ਦੀ ਕੋਸ਼ਿਸ਼ ਕਰ ਰਹੇ ਹਾਂ — ਬੋਟ ਰਾਹੀਂ ।

ਆਵਾਜ਼ 1 :

ਇਸ ਤਰ੍ਹਾਂ ਤਾਂ ਕੋਈ ਹਾਦਸਾ ਵੀ ਹੋ ਸਕਦੈ ।

ਆਵਾਜ਼ 3 :

ਆਪਾਂ ਨੂੰ ਕਿਸੇ ਵੀ ਨਤੀਜੇ ਲਈ ਤਿਆਰ ਰਹਿਣਾ ਚਾਹੀਦੈ ! ਔਹ ਵੇਖੋ ਹੋਰ ਅਗਨਬੋਟਾਂ ਨੇ ਵੀ ਲਾਈਟਾਂ ਇਧਰ ਨੂੰ ਕਰ ਲਈਆਂ ਨੇ ।

[ ਕਈ ਅਗਨਬੋਟਾਂ ਦੇ ਚੱਲਣ ਦੀ ਆਵਾਜ਼ ਆਉਂਦੀ ਤੇ ਉੱਚੀ ਹੁੰਦੀ ਜਾਂਦੀ ਹੈ । ਇਹ ਕਾਮਾਗਾਟਾ ਮਾਰੂ ਵੱਲ ਨੂੰ ਆਉਣ ਦਾ ਸੰਕੇਤ ਹੈ। ਆਵਾਜ਼ ਬੰਦ ਹੁੰਦੀ ਹੈ । ]



ਪੁਲੀਸ ਦੀ ਆਵਾਜ਼ :

(ਸਪੀਕਰ ਰਾਹੀਂ) ਸੁਣੋ, ਜਿਥੇ ਹੋ ਉਥੇ ਹੀ ਖੜੇ ਰਹੋ । ਜੇ ਜ਼ਰਾ ਵੀ ਹਿੱਲੇ ਗੋਲੀ ਚਲਾ ਦਿੱਤੀ ਜਾਵੇਗੀ ।

[ ਇਕ ਗੋਲੀ ਚਲਣ ਦੀ ਆਵਾਜ਼ ਆਉਂਦੀ ਹੈ । ਡਰ ਨਾਲ ਪੰਛੀ ਬੋਲਦੇ ਹਨ । ]

ਆਵਾਜ਼ 2 :

ਆਪਾਂ ਚੁਫੇਰਿਓਂ ਪੁਲੀਸ ਨਾਲ ਘਿਰ ਗਏ ਹਾਂ ।

ਆਵਾਜ਼ 3 :

ਰਾਸ਼ਨ ਕਿੰਨਾ ਕੁ ਰਹਿੰਦਾ ਹੈ ।

ਆਵਾਜ਼ 2 :

ਰਾਸ਼ਨ ਤਾਂ ਸਾਰਾ ਜਹਾਜ਼ 'ਤੇ ਪਹੁੰਚ ਚੁੱਕਾ ਹੈ ।

ਆਵਾਜ਼ 3 :

ਫੇਰ ਕੋਈ ਚਿੰਤਾ ਨਹੀਂ । ਹੁਣ ਪੁਲੀਸ ਵਾਲੇ ਜੋ ਚਾਹੁਣ ਕਰ ਲੈਣ । ਅਸੀਂ ਆਪਣਾ ਕੰਮ ਕਰ ਲਿਆ ਹੈ ।

ਇਕ ਪੁਲਸੀਏ ਦੀ ਆਵਾਜ਼ :

ਡੋਂਟ ਮੂਵ, ਯੂ ਆਰ ਔਲ ਅੰਡਰ ਅਰੈੱਸਟ !

[ ਇਕ ਹੋਰ ਗੋਲੀ ਚਲਣ ਦੀ ਆਵਾਜ਼ ਆਉਂਦੀ ਹੈ । ਪੰਛੀ ਬੋਲਦੇ ਹਨ । ਨੀਲੀ ਰੋਸ਼ਨੀ ਬੁੱਝਦੀ ਹੈ । ]

[ ਰੌਸ਼ਨੀ ਗੁਰਦੁਆਰੇ 'ਤੇ ਪੈਂਦੀ ਹੈ। ਗੁਰਦੁਆਰੇ ਦੇ ਵਿਹੜੇ ਵਿਚ ਇਕ ਮੇਜ਼ ਹੈ, ਦੋ ਤਿੰਨ ਕੁਰਸੀਆਂ। ਮੇਜ਼ ਉੱਤੇ ਇਕ ਮਾਈਕ ਸੈੱਟ ਕੀਤਾ ਹੋਇਆ ਹੈ । ਕੁਰਸੀਆਂ ਉਤੇ ਦੋ ਆਦਮੀ ਬੈਠੇ ਹਨ। ਇਕ ਦੇ ਸਿਰ ਉਤੇ ਹੈਟ ਹੈ ਅਤੇ ਗੋਰਾ ਜਾਪਦਾ ਹੈ। ਹਸਨ ਰਹੀਮ ਮੇਜ਼ 'ਤੇ ਖੜ੍ਹਾ ਤਕਰੀਰ ਕਰ ਰਿਹਾ ਹੈ। ਮੂੰਹ ਦਰਸ਼ਕਾਂ ਵੱਲ ਹੈ। ਦ੍ਰਿਸ਼ ਇਕ ਪਬਲਿਕ ਮੀਟਿੰਗ ਦਾ ਹੈ । ਪਿਛਲੀ ਕੰਧ ਉਤੇ ਮੋਟਾ ਕਰਕੇ ਲਿਖਿਆ ਹੋਇਆ ਹੈ : 'ਪਬਲਿਕ ਮੀਟਿੰਗ' । ]

ਹਸਨ ਰਹੀਮ :

ਸਤਿਕਾਰ ਯੋਗ ਦੋਸਤੋ,

ਹੁਣੇ ਹੁਣੇ ਤੁਹਾਡੇ ਸਾਹਮਣੇ ਮਜ਼ਦੂਰ ਜਮਾਤ ਦੇ ਦੋਸਤ ਅਤੇ ਕਾਮਾਗਾਟਾ ਮਾਰੂ ਦੇ ਵਕੀਲ ਮਿਸਟਰ ਐਡਵਰਡ ਬਰਡ ਆਪਣੇ ਵਿਚਾਰ ਪੇਸ਼ ਕਰਕੇ ਹਟੇ ਹਨ। (ਹੱਥ ਨਾਲ ਇਸ਼ਾਰਾ ਕੁਰਸੀ ਉਤੇ ਬੈਠੇ ਹੈਟ ਵਾਲੇ ਬੰਦੇ ਵੱਲ ਕਰਦਾ ਹੈ) ਹੁਣ ਮੈਂ ਉਹਨਾਂ ਦੀ ਸਪੀਚ ਦੀ ਪੰਜਾਬੀ ਬਣਾ ਕੇ ਦੱਸਾਂਗਾ। ਉਹਨਾਂ ਕਿਹਾ ਹੈ :—

''ਸਤਿਕਾਰ ਯੋਗ ਪ੍ਰਧਾਨ ਜੀ, ਅਤੇ ਦੋਸਤੋ !

ਜਿਵੇਂ ਤੁਸੀਂ ਸਾਰੇ ਜਾਣਦੇ ਹੋ, ਸਾਡਾ ਇਹ ਪਬਲਿਕ ਮੀਟਿੰਗ ਕਰਨ ਦਾ ਮੰਤਵ ਕਾਮਗਾਟਾ ਮਾਰੂ ਦੇ ਕੇਸ ਉਤੇ ਵਿਚਾਰ ਕਰਨਾ ਹੈ। ਅਸੀਂ ਚਾਹੁੰਦੇ ਹਾਂ ਕਾਮਾਗਾਟਾ ਮਾਰੂ ਦੀ ਸਮੱਸਿਆ ਆਮ ਪਬਲਿਕ ਸਾਹਮਣੇ ਆਵੇ ਤਾਂ ਕਿ ਵੱਧ ਤੋਂ ਵੱਧ ਲੋਕ ਜਾਣ ਸਕਣ ਕਿ ਇਮੀਗ੍ਰੇਸ਼ਨ ਡਿਪਾਰਟਮੈਂਟ, ਕਾਮਾਗਾਟਾ ਮਾਰੂ ਨਾਲ ਕੀ ਸਲੂਕ ਕਰ ਰਿਹਾ ਹੈ।



ਦੋਸਤੋ ! ਅਸੀਂ ਦੁਨੀਆਂ ਵਿਚ ਇਸ ਗੱਲ ਦਾ ਪਰਚਾਰ ਬੜੇ ਮਾਣ ਨਾਲ ਕਰਦੇ ਹਾਂ ਕਿ ਕੈਨੇਡਾ ਬੜਾ ਵਿਸ਼ਾਲ ਮੁਲਕ ਹੈ, ਅਮੀਰ ਹੈ, ਕੁਦਰਤੀ ਖ਼ਜ਼ਾਨਿਆਂ ਨਾਲ ਭਰਪੂਰ । ਹਿੱਕ ਥਾਪੜ ਕੇ ਕਹਿੰਦੇ ਹਾਂ ਕਿ ਅਸੀਂ ਅੰਗਰੇਜ਼ੀ ਸਰਕਾਰ ਦੇ ਪੈਰੋਕਾਰ ਹਾਂ। ਮਨੁੱਖੀ ਬਰਾਬਰਤਾ ਵਿਚ ਵਿਸ਼ਵਾਸ ਰੱਖਦੇ ਹਾਂ। ਕੈਨੇਡਾ ਦੇ ਦਰ ਸਾਰੀਆਂ ਕੌਮਾਂ, ਨਸਲਾਂ, ਰੰਗਾਂ ਦੇ ਲੋਕਾਂ ਲਈ ਇਕੋ ਜਿਹੇ ਖੁਲ੍ਹੇ ਹਨ । ਅਸੀਂ ਸਭ ਨੂੰ 'ਜੀ ਆਇਆ' ਕਹਿੰਦੇ ਹਾਂ... ਹਾਂ ਦੁਨੀਆਂ ਵਿਚ ਤਾਂ ਅਸੀਂ ਇਹੋ ਪਰਚਾਰ ਕਰਦੇ ਹਾਂ ਤੇ ਇਧਰ ਕਾਮਾਗਾਟਾ ਮਾਰੂ ਵੱਲ ਵੇਖੋ : ਇਸ ਵਿਚਲੇ ਮੁਸਾਫ਼ਰ ਇਕ ਜਾਣੀ-ਪਛਾਣੀ ਕੌਮ ਦੇ ਬਾਸ਼ਿੰਦੇ ਹਨ, ਜਾਣੇ-ਪਛਾਣੇ ਮੁਲਕ ਤੋਂ ਆਏ ਹਨ, ਬ੍ਰਿਟਿਸ਼ ਸਬਜੈਕਟ ਹਨ, ਬ੍ਰਿਟਿਸ਼ ਇਮਪਾਇਰ ਲਈ ਕੁਰਬਾਨੀਆਂ ਦੇ ਚੁੱਕੇ ਹਨ, ਪਰ ਜਾਣਦੇ ਹੋ ਇਮੀਗ੍ਰੇਸ਼ਨ ਵਾਲਿਆਂ ਇਨ੍ਹਾਂ ਦਾ ਕਿਹੋ ਜਿਹਾ ਸਵਾਗਤ ਕੀਤਾ ਹੈ ? ਉਹਨਾਂ ਨੂੰ ਆਪਣੇ ਜਹਾਜ਼ ਵਿਚ ਹੀ ਕੈਦ ਕਰ ਦਿੱਤਾ ਹੈ। ਮੈਂ ਪੁਛਦਾ ਹਾਂ ਅਸੀਂ ਕੈਨੇਡਾ ਵਿਚ ਰਹਿੰਦੇ ਹਾਂ ਕਿ ਜ਼ਾਰ ਦੇ ਰੂਸ ਵਿਚ ?

[ ਤਾੜੀਆਂ ਵਜਦੀਆਂ ਹਨ। ]

ਇਮੀਗ੍ਰੇਸ਼ਨ ਵਾਲੇ ਕਾਮਾਗਾਟਾ ਮਾਰੂ ਦੇ ਆਉਣ 'ਤੇ ਬੁਖਲਾ ਉਠੇ ਹਨ, ਤੰਗ ਹਨ ਤੇ ਕਹਿੰਦੇ ਹਨ ਹਿੰਦੂ ਇਥੇ ਕੈਨੇਡਾ ਕੀ ਲੈਣ ਆਏ ਹਨ ? ਮੈਂ ਪੁੱਛਦਾ ਹਾਂ, ਅੱਜ ਤੋਂ ਦੋ ਤਿੰਨ ਸਦੀਆਂ ਪਹਿਲਾਂ ਜਦੋਂ ਇੰਗਲੈਂਡ ਤੇ ਆਇਰਲੈਂਡ ਵਿਚ ਹਾਲਾਤ ਬਹੁਤ ਭੈੜੇ ਸਨ, ਕਾਲ ਪੈ ਰਹੇ ਸਨ, ਗ਼ਰੀਬੀ ਵੱਧ ਰਹੀ ਸੀ। ਉਦੋਂ ਸਾਡੇ ਦਾਦੇ-ਪੜਦਾਦੇ ਯੋਰਪ ਤੋਂ ਏਥੇ ਕੀ ਲੈਣ ਆਏ ਸਨ ?

ਤੁਸੀਂ ਸੋਚੋ, ਜੇ ਕੈਨੇਡੀਅਨ ਲੋਕਾਂ ਦਾ ਇਕ ਜਹਾਜ਼ ਹਿੰਦੁਸਤਾਨ ਜਾਵੇ ਅਤੇ ਹਿੰਦੁਸਤਾਨ ਦਾ ਇਮੀਗ੍ਰੇਸ਼ਨ ਡਿਪਾਰਟਮੈਂਟ ਉਸ ਨੂੰ ਕਾਮਾਗਾਟਾ ਮਾਰੂ ਵਾਂਗ ਸਮੁੰਦਰ ਵਿਚ ਡੱਕ ਦੇਵੇ ਤਾਂ ਕੀ ਹੋਵੇ ? ਇੰਗਲੈਂਡ ਦੀ ਪਾਰਲੀ-ਮੈਂਟ ਵਿਚ ਤੂਫ਼ਾਨ ਖੜਾ ਹੋ ਜਾਵੇ । ਦੁਨੀਆਂ ਦੀਆਂ ਘਟੀਆ ਤੋਂ ਘਟੀਆ ਗਾਲ੍ਹਾਂ ਹਿੰਦੁਸਤਾਨੀਆਂ ਨੂੰ ਕੱਢੀਆਂ ਜਾਣ। ਉਹਨਾਂ ਨੂੰ ਅਣ-ਮਨੁੱਖੀ, ਵਹਿਸ਼ੀ ਤੇ ਜ਼ਾਲਮ ਦੱਸਿਆ ਜਾਵੇ। ਤੇ ਹੁਣ, ਹੁਣ ਇੰਗਲੈਂਡ ਦੀ ਪਾਰਲੀਮੈਂਟ ਵਿਚ ਇਕ ਮਕਾਰੀ ਭਰੀ ਖ਼ਾਮੋਸ਼ੀ ਛਾਈ ਹੋਈ ਹੈ। ਉਹ ਕਾਮਾਗਾਟਾ ਮਾਰੂ ਨੂੰ ਇਸ ਤਰ੍ਹਾਂ ਇਗਨੋਰ ਕਰ ਰਹੇ ਹਨ ਜਿਵੇਂ

ਇਸ ਵਿਚ ਮਨੁੱਖ ਨਹੀਂ, ਡੰਗਰ ਹੋਣ । ਇਹ ਕੋਈ ਮਮੂਲੀ ਘਟਨਾ ਨਹੀਂ ਦੋਸਤੋ ! ਇਹ ਇਕ ਆਉਣ ਵਾਲੇ ਬਹੁਤ ਵੱਡੇ ਤੂਫ਼ਾਨ ਦੀ ਚਿਤਾਵਨੀ ਹੈ ।

ਇਮੀਗ੍ਰੇਸ਼ਨ ਵਾਲੇ ਕਹਿ ਰਹੇ ਹਨ ਕਿ ਹਿੰਦੂ ਗੰਦੇ-ਮੰਦੇ ਹਨ । ਮੈਂ ਪੁੱਛਦਾ ਹਾਂ ਕੀ ਉਹਨਾਂ ਕਦੇ ਆਪਣੇ ਗੋਰੇ ਲੋਕਾਂ ਦੇ ਲੌਜਿੰਗ ਕੈਂਪਾਂ ਵਿਚ ਜਾ ਕੇ ਵੇਖਿਐ, ਉਥੇ ਲੋਕ ਕਿਵੇਂ ਰਹਿੰਦੇ ਹਨ ?

ਇਮੀਗ੍ਰੇਸ਼ਨ ਵਾਲਿਆਂ ਪਹਿਲਾਂ ਆਪ ਹੀ ਅਣਮਨੁੱਖੀ ਕਾਨੂੰਨ ਬਣਾਏ ਹਨ ਕਿ ਹਿੰਦੂ ਔਰਤਾਂ ਕੈਨੇਡਾ ਵਿਚ ਨਹੀਂ ਆ ਸਕਦੀਆਂ। ਫਿਰ ਕਹਿ ਦਿੰਦੇ ਹਨ ਹਿੰਦੂ ਆਚਰਨ ਦੇ ਚੰਗੇ ਨਹੀਂ, ਗੋਰੀਆਂ ਔਰਤਾਂ ਵੱਲ ਅੱਖਾਂ ਪਾੜ ਪਾੜ ਵੇਖਦੇ ਹਨ । ਮੈਂ ਕਹਿਨਾਂ, ਤੁਸੀਂ ਆਪਣੀਆਂ ਔਰਤਾਂ ਤੋਂ ਬਿਨਾਂ, ਟੱਬਰਾਂ ਤੋਂ ਬਿਨਾਂ, ਦਸ ਦਿਨ ਈ ਕੱਟ ਕੇ ਵਿਖਾਉ ਤੇ ਫੇਰ ਦੱਸਿਉ ਤੁਸੀਂ ਉੱਚੇ ਆਚਰਣ ਦੇ ਮਾਲਕ ਹੋ ਜਾਂ ਹਿੰਦੂ। ਆਪਣੀ ਫ਼ੈਮੀਲੀ ਲਾਈਫ਼ ਦਾ ਮੁਕਾਬਲਾ ਤਾਂ ਕਰੋ, ਹਿੰਦੁਸਤਾਨੀ ਫ਼ੈਮਿਲੀ ਨਾਲ ?

ਮੇਰੀ ਰਾਇ ਵਿਚ ਹਿੰਦੁਸਤਾਨੀ ਲੋਕ ਦੁਨੀਆਂ ਦੀਆਂ ਉੱਚੀਆਂ ਨਸਲਾਂ ਵਿਚੋਂ ਹਨ । ਸਰੀਰਕ ਤੌਰ ਉਤੇ ਵੀ ਤੇ ਮਾਨਸਿਕ ਤੌਰ 'ਤੇ ਵੀ। ਤੇ ਦੋਸਤੋ ! ਅਸਲ ਡਰ ਸਾਨੂੰ ਇਹ ਹੈ ਕਿ ਏਥੇ ਆ ਕੇ ਹਿੰਦੂ ਸਾਥੋਂ ਅੱਗੇ ਨਾ ਨਿਕਲ ਜਾਣ। ਆਉਣ ਵਾਲੇ 30–40 ਸਾਲਾਂ ਵਿਚ ਏਥੇ ਹਿੰਦੂ ਡਾਕਟਰ. ਇੰਜਨੀਅਰ, ਤੇ ਵਿਗਿਆਨੀ ਤੁਸੀਂ ਆਮ ਵੇਖੋਗੇ । ਐਕਸੀਲੈਂਟ ਹਿੰਦੂ ਵਰਕਰ ਵੇਖੋਗੇ । ਪਿਛਲੇ ਸਾਲ ਸਾਇੰਸ ਦਾ ਨੋਬਲ ਪ੍ਰਾਈਜ਼ ਇਕ ਹਿੰਦੂ ਨੂੰ ਈ ਮਿਲਿਆ ਸੀ । ਇਸ ਵਿਚ ਸਾਨੂੰ ਡਰ ਨਹੀਂ ਸਗੋਂ ਫ਼ਖ਼ਰ ਹੋਣਾ ਚਾਹੀਦਾ ਹੈ । ਪਰ ਟ੍ਰੈਜਿੱਡੀ ਇਹ ਹੈ ਕਿ ਸਾਨੂੰ ਬਿਨਾਂ ਕਿਸੇ ਕਾਰਨੋਂ ਹੱਥਾਂ-ਪੈਰਾਂ ਦੀ ਪੈ ਗਈ ਹੈ।

ਹੁਣ ਅੰਤ ਵਿਚ ਦੋਸਤੋ, ਮੈਂ ਸਪਸ਼ਟ ਕਰ ਦੇਣਾ ਚਾਹੁੰਦਾ ਹਾਂ ਕਿ ਕਾਮਾਗਾਟਾ ਮਾਰੂ ਦੇ ਮੁਸਾਫ਼ਰ ਕੈਨੇਡਾ ਵਿਚ ਕਾਨੂੰਨ ਅਨੁਸਾਰ ਦਾਖ਼ਲ ਹੋਣਾ ਚਾਹੁੰਦੇ ਹਨ। ਜ਼ਬਰਦਸਤੀ ਧੱਕੇ ਨਾਲ ਨਹੀਂ । ਉਹ ਚਾਹੁੰਦੇ ਹਨ ਉਹਨਾਂ ਦਾ ਕੇਸ ਕੋਰਟ ਵਿਚ ਜਾਵੇ ਤੇ ਫ਼ੈਸਲਾ ਉਥੇ ਹੋਵੇ, ਪਰ ਇਮੀਗ੍ਰੇਸ਼ਨ ਵਾਲੇ ਡਰਦੇ ਹਨ ਕਿ ਉਥੇ ਫ਼ੈਸਲਾ ਕਾਮਾਗਾਟਾ ਮਾਰੂ ਦੇ ਹੱਕ ਵਿਚ ਨਾ ਹੋ ਜਾਵੇ । ਇਸੇ ਲਈ ਉਹ ਵੱਧ ਤੋਂ ਵੱਧ ਰੁਕਾਵਟਾਂ ਪਾ ਰਹੇ ਹਨ ਤੇ ਚਾਹੁੰਦੇ ਹਨ ਕਿ ਮੁਸਾਫ਼ਰਾਂ ਨੂੰ ਭੁੱਖੇ ਤਿਹਾਏ ਮਾਰ ਕੇ ਵਾਪਸ ਮੁੜਨ



'ਤੇ ਮਜਬੂਰ ਕਰ ਦਿੱਤਾ ਜਾਵੇ । ਕਾਨੂੰਨ ਅਨੁਸਾਰ ਮੈਂ ਗੁਰਦਿੱਤ ਸਿੰਘ ਦਾ ਵਕੀਲ ਹਾਂ ਪਰ ਉਸ ਨਾਲ ਗੱਲ ਕਰਨ ਦੀ ਮੈਨੂੰ ਇਕ ਵਾਰ ਵੀ ਇਜਾਜ਼ਤ ਨਹੀਂ ਦਿੱਤੀ ਗਈ । ਇਕ ਵਾਰ ਮੈਂ ਧਿੰਗੋਜ਼ੋਰੀ ਬੋਟ ਲੈ ਕੇ ਕਾਮਾਗਾਟਾ ਮਾਰੂ ਕੋਲ ਚਲਿਆ ਗਿਆ । ਪੋਲੀਸ ਅਫ਼ਸਰ ਨੈਲਸਨ ਨੇ ਮੈਨੂੰ ਕਿਹਾ ਜੇ ਮੈਂ ਕਾਮਾਗਾਟਾ ਮਾਰੂ 'ਤੇ ਜਾਣ ਦੀ ਕੋਸ਼ਿਸ਼ ਕੀਤੀ ਤਾਂ ਉਹ ਮੈਨੂੰ ਸਮੁੰਦਰ ਵਿਚ ਸੁੱਟ ਦੇਣਗੇ ।

ਇਮੀਗ੍ਰੇਸ਼ਨ ਵਾਲੇ ਏਥੇ ਸੋਸ਼ਲਿਸਟਾਂ ਬਾਰੇ ਰੌਲਾ ਪਾਉਂਦੇ ਨਹੀਂ ਥੱਕਦੇ । ਮੈਂ ਕਹਿਨਾਂ, ਕੈਨੇਡਾ ਵਿਚ ਇਮੀਗ੍ਰੇਸ਼ਨ ਡਿਪਾਰਟਮੈਂਟ ਤੋਂ ਵੱਡਾ ਹੋਰ ਆਰਾਜਵਾਦੀ ਕੋਈ ਨਹੀਂ । ਤੇ ਮੈਂ ਫੇਰ ਪੁੱਛਦਾ ਹਾਂ, ਦੋਸਤੋ ! ਅਸੀਂ ਕੈਨੇਡਾ ਵਿਚ ਰਹਿੰਦੇ ਹਾਂ, ਜਾਂ ਜ਼ਾਰ ਦੇ ਰੂਸ ਵਿਚ ?

(ਤਾੜੀਆਂ ਵਜਦੀਆਂ ਹਨ ।)

[ ਰੌਸ਼ਨੀ ਇਮੀਗ੍ਰੇਸ਼ਨ 'ਤੇ ਪੈਂਦੀ ਹੈ। ਹਾਪਕਿਨਸਨ ਇੱਕਲਾ ਜੀਨ ਦੇ ਮੇਜ਼ ਸਾਹਮਣੇ ਕੁਰਸੀ 'ਤੇ ਬੈਠਾ ਹੈ। ਦੋਹਾਂ ਹੱਥਾਂ 'ਚ ਸਿਰ ਲਈ, ਕੋਈ ਰਿਪੋਰਟ ਪੜ੍ਹ ਰਿਹਾ ਜਾਪਦਾ ਹੈ। ਜੀਨ ਦਾਖ਼ਲ ਹੁੰਦੀ ਹੈ। ]

ਜੀਨ :

ਹਾਇ ਬਿੱਲ !

ਹਾਪਕਿਨਸਨ :

(ਚੌਂਕ ਕੇ) ਓ, ਹਾਇ ਜੀਨ ! ਆਹ ਰਿਪੋਰਟ ਮਿਸਟਰ ਰੀਡ ਨੂੰ ਦੇ ਦੇਵੀਂ।

[ ਉਹ ਉਠਦਾ ਹੈ, ਤੇ ਗੱਲਾਂ ਬਾਤਾਂ ਦੇ ਦੌਰਾਨ ਰਿਪੋਰਟ ਨੂੰ ਤਹਿ ਕਰਕੇ ਲਿਫ਼ਾਫ਼ੇ ਵਿਚ ਪਾਉਂਦਾ ਹੋਇਆ ਜੀਨ ਨੂੰ ਦੇ ਦਿੰਦਾ ਹੈ। ]

ਜੀਨ :

ਕਿਸ ਬਾਰੇ ਹੈ ਇਹ ਰਿਪੋਰਟ ?

ਹਾਪਕਿਨਸਨ :

ਹਿੰਦੂਆਂ ਦਾ ਵਕੀਲ ਐ ਨਾ, ਬਰਡ, ਬਲੱਡੀ ਸੋਸ਼ਲਿਸਟ, ਉਸਨੇ ਪਬਲਿਕ ਮੀਟਿੰਗਾਂ ਵਿਚ ਲੈਕਚਰ ਕਰ ਕਰ ਕੇ ਰੌਲਾ ਪਾਇਆ ਹੈ ਕਿ ਕਾਮਾਗਾਟਾ ਮਾਰੂ ਦੇ ਮੁਸਾਫ਼ਰਾਂ ਨੂੰ ਬਿਨਾਂ ਕਿਸੇ ਕੋਰਟ ਦੇ ਫ਼ੈਸਲੇ ਤੋਂ ਵਾਪਿਸ ਭੇਜਿਆ ਜਾ ਰਿਹਾ ਹੈ। ਇਹ ਗ਼ੈਰ-ਕਾਨੂੰਨੀ ਹੈ। ਇਹ ਬੇਇਨਸਾਫ਼ੀ ਹੈ — ਦਿੱਸ ਐਂਡ ਦੈੱਟ।

ਜੀਨ :

ਪਰ ਪੜਤਾਲੀਆ ਬੋਰਡ ਤਾਂ ਕਾਮਾਗਾਟਾ ਮਾਰੂ ਦਾ ਕੇਸ ਪਹਿਲਾਂ ਹੀ



ਰੱਦ ਕਰ ਚੁੱਕਾ ਹੈ। ਹੁਣ ਮੁਸਾਫ਼ਰਾਂ ਨੂੰ ਮੋੜਨ ਵਿਚ ਕੀ ਮੁਸ਼ਕਿਲ ਪੈ ਗਈ ?

ਹਾਪਕਿਨਸਨ :

ਹਿੰਦੂਆਂ ਨੇ ਪੜਤਾਲੀਆ ਬੋਰਡ ਦੇ ਫ਼ੈਸਲੇ ਦੇ ਖ਼ਿਲਾਫ਼ ਜੱਜ ਮਰਫ਼ੀ ਦੇ ਕੋਰਟ ਵਿਚ ਅਪੀਲ ਕਰ ਦਿੱਤੀ ਹੈ।

ਜੀਨ :

ਓ ਆਈ ਸੀ ! ਫੇਰ ਤਾਂ ਹੋ ਸਕਦੈ ਫ਼ੈਸਲਾ ਕਾਮਾਗਾਟਾ ਮਾਰੂ ਕੇ ਹੱਕ ਵਿਚ ਈ ਹੋ ਜਾਵੇ।

ਹਾਪਕਿਨਸਨ :

ਕੀ ਪਤੈ। ਹੋ ਸਕਦੈ। (ਮੋਢੇ ਚੜ੍ਹਾ ਕੇ) ਪਾਸੀਬਲ, ਜਸਟ ਪਾਸੀਬਲ। ਪਰ ਰੀਡ ਨੇ ਪ੍ਰੈਸ ਵਾਲਿਆਂ ਨਾਲ ਤੇ ਰੇਡੀਓ ਰੀਪੋਰਟਰਾਂ ਨਾਲ ਮੁਲਾਕਾਤਾਂ ਕੀਤੀਆਂ ਹਨ। ਹਿੰਦੂਆਂ ਵਿਰੁੱਧ ਬਹੁਤ ਪ੍ਰਾਪੇਗੰਡਾ ਕੀਤਾ ਜਾ ਰਿਹੈ।

ਜੀਨ :

ਪਰ ਕੋਰਟਾਂ ਦੇ ਜੱਜ ਤਾਂ ਇਸ ਪ੍ਰਾਪੇਗੰਡੇ ਦੇ ਅਸਰ ਹੇਠ ਸ਼ਾਇਦ ਹੀ ਆਉਣ, ਜਾਪਦੈ ਫ਼ੈਸਲਾ ਕਾਮਾਗਾਟਾ ਮਾਰੂ ਦੇ ਹੱਕ ਵਿਚ ਹੋਵੇਗਾ।

[ ਜੀਨ ਕੁਰਸੀ ਤੋਂ ਉੱਠ ਕੇ ਖੜੀ ਹੁੰਦੀ ਹੈ ਤੇ ਫ਼ਾਇਲਾਂ ਅਤੇ ਕਿਤਾਬਾਂ ਦਾ ਢੇਰ ਠੀਕ ਕਰਦੀ ਹੈ। ਢੇਰ ਚੌਰਸ ਥੜ੍ਹੀ ਵਾਂਗ ਹੈ। ਇਸ ਤਰ੍ਹਾਂ ਜਾਪਦੈ ਜਿਵੇਂ ਜੀਨ ਜਾਣ ਦੀ ਤਿਆਰੀ ਕਰ ਰਹੀ ਹੋਵੇ। ]

ਹਾਪਕਿਨਸਨ :

ਨੋ... ਨੋ, ਆਈ ਡੋਂਟ ਥਿੰਕ ਸੋ। ਫ਼ੈਸਲਾ ਕਾਮਾਗਾਟਾ ਮਾਰੂ ਦੇ ਵਿਰੁੱਧ ਹੋਵੇਗਾ।

[ ਇਸ ਦੇ ਨਾਲ ਹੀ ਹਾਪਕਿਨਸਨ ਆਪਣੀ ਹੈਟ ਲਾਹੁੰਦਾ ਹੈ ਤੇ ਖ਼ਾਸ ਅੰਦਾਜ਼ ਨਾਲ ਫ਼ਾਈਲਾਂ ਦੇ ਢੇਰ 'ਤੇ ਰੱਖ ਦਿੰਦਾ ਹੈ। ]

ਜੀਨ :

(ਸੁਭਾਵਕ ਹੀ ਹੈਟ ਨੂੰ ਸਿੱਧਾ ਕਰਦੀ ਹੋਈ) ਨਹੀਂ ਹੱਕ ਵਿਚ ਹੋਵੇਗਾ।

ਹਾਪਕਿਨਸਨ :

(ਹੈਟ ਨੂੰ ਫਿਰ ਪੁੱਠਾ ਕਰਦਾ ਹੋਇਆ) ਨੋ... ਪ, ਵਿਰੁੱਧ ਹੋਵੇਗਾ।

ਜੀਨ :

(ਸ਼ਰਾਰਤ ਨਾਲ ਮੁਸਕਰਾਉਂਦੀ ਹੋਈ ਤੇ ਹੈਟ ਸਿੱਧਾ ਕਰਦੀ ਹੋਈ) ਹੱਕ ਵਿਚ।

ਹਾਪਕਿਨਸਨ :

(ਗ਼ੁੱਸੇ ਨਾਲ ਟੋਪ ਪੁੱਠਾ ਕਰਦਾ ਹੋਇਆ ਤੇ ਉਚੀ ਆਵਾਜ਼ 'ਚ) ਵਿਰੁੱਧ।

[ ਇਸ ਉਤੇ ਜੀਨ ਬੋਲਦੀ ਨਹੀਂ ਪਰ ਟੋਪ ਫਿਰ ਇਕ ਖ਼ਾਸ ਅਦਾ ਨਾਲ ਸਿੱਧਾ ਕਰ ਦਿੰਦੀ ਹੈ। ]

(ਉਚੀ ਆਵਾਜ਼ ਵਿਚ ਚੀਖ਼ ਕੇ) ਨੋ —

[ ਹਾਪਕਿਨਸਨ ਟੋਪੀ ਨੂੰ ਪੁੱਠੀ ਕਰਕੇ ਜ਼ੋਰ ਦੀ ਮੇਜ਼ ਉਤੇ ਵਗਾਹ ਮਾਰਦਾ ਹੈ — ਕਾਗ਼ਜ਼-ਪੱਤਰ ਇਧਰ-ਉਧਰ ਖਿੱਲਰ ਜਾਂਦੇ ਹਨ। ਜੀਨ ਹੈਰਾਨੀ ਨਾਲ ਹਾਪਕਿਨਸਨ ਦੇ ਗ਼ੁੱਸੇ ਭਰੇ ਚਿਹਰੇ ਵੱਲ ਵੇਖਦੀ ਹੈ। ]

— [ ਇਸ ਥਾਂ ਇੰਟਰਵਲ ਕੀਤਾ ਜਾ ਸਕਦਾ ਹੈ। ] —



[ ਰੌਸ਼ਨੀ ਕਾਮਾਗਾਟਾ ਮਾਰੂ 'ਤੇ ਪੈਂਦੀ ਹੈ। ਗੁਰਦਿੱਤ ਸਿੰਘ ਕਾਹਲੀ ਕਾਹਲੀ ਟਹਿਲ ਰਿਹਾ ਹੈ। ]

ਦਲਜੀਤ ਸਿੰਘ :

(ਦਾਖ਼ਲ ਹੁੰਦਾ ਹੋਇਆ) ਅਹਿ ਚਿੱਠੀ ਐ, ਸਰਦਾਰ ਜੀ ?

ਗੁਰਦਿੱਤ ਸਿੰਘ :

ਜੱਜ ਮਰਫ਼ੀ ਦੀ ਅਦਾਲਤ ਤੋਂ ਆਈ ਐ, ਅਪੀਲ ਬਾਰੇ।

[ ਉਹ ਚਿੱਠੀ ਖੋਲ੍ਹਦਾ ਹੈ ਤੇ ਕਾਹਲੀ ਕਾਹਲੀ ਪੜ੍ਹਦਾ ਹੈ। ]

ਦਲਜੀਤ ਸਿੰਘ :

ਕੀ ਫ਼ੈਸਲਾ ਹੋਇਆ ?

ਗੁਰਦਿੱਤ ਸਿੰਘ :

(ਇਕ ਪਲ ਦਲਜੀਤ ਵੱਲ ਨਜ਼ਰਾਂ ਟਿਕਾ ਕੇ ਵੇਖਦਾ ਹੋਇਆ) ਅਪੀਲ ਰੀਜੈਕਟਡ।

ਦਲਜੀਤ ਸਿੰਘ :

ਉਹੋ ! ਮਾਰੇ ਗਏ ਫੇਰ ਤਾਂ।

ਗੁਰਦਿੱਤ ਸਿੰਘ :

ਜਸਟਿਸ ਮਰਫ਼ੀ ਤੋਂ ਵੀ ਇਨਸਾਫ਼ ਨਾ ਮਿਲਿਆ। ਸਾਨੂੰ ਕਿਸੇ ਪਾਸਿਓਂ ਵੀ ਇਨਸਾਫ਼ ਨਾ ਮਿਲਿਆ।

[ ਉਹ ਉਦਾਸ ਹੋ ਜਾਂਦਾ ਹੈ ਤੇ ਕੁਰਸੀ 'ਤੇ ਬਹਿ ਜਾਂਦਾ ਹੈ। ]

ਦਲਜੀਤ ਸਿੰਘ :

ਹੁਣ ਕੀ ਬਣੂੰ ?

ਗੁਰਦਿੱਤ ਸਿੰਘ :

ਦੇਖੋ — ਹੁਣ ਕੀ ਬਣਦੈ !

ਦਲਜੀਤ ਸਿੰਘ :

ਵਾਪਿਸ ? ਨਹੀਂ ਇਹ ਤਾਂ ਬਹੁਤ ਔਖਾ ਹੋਊਗਾ। ਆਪਾਂ ਕਿਸੇ ਪਾਸੇ ਦੇ ਨਹੀਂ ਰਹੇ।

ਗੁਰਦਿੱਤ ਸਿੰਘ :

(ਸਿਰ ਹਿਲਾਉਂਦਾ ਹੈ। ਫਿਰ ਇਕਦਮ ਕਰਸੀ ਤੋਂ ਉਠਦਿਆਂ ਹੋਇਆਂ ਆਖਦਾ ਹੈ) ਨਹੀਂ ਅਜੇ ਵਾਪਿਸ ਨਹੀਂ। ਇਸ ਤੋਂ ਅੱਗੇ ਕੋਈ ਚਾਰਾ ਕਰਾਂਗੇ।

ਦਲਜੀਤ ਸਿੰਘ :

ਜ਼ਰੂਰ ਕਰੋ ਕੁਝ ਨਾ ਕੁਝ। ਕਿਸੇ ਹੋਰ ਕੋਰਟ ਵਿਚ ਕਰੋ।

ਗੁਰਦਿੱਤ ਸਿੰਘ :

ਕਾਸ਼ ! ਮੈਂ ਜਹਾਜ਼ੋਂ ਉਤਰ ਕੇ ਆਪ ਬਰਡ ਨੂੰ ਮਿਲ ਸਕਦਾ। ਕੋਰਟ ਵਿਚ ਜਾ ਸਕਦਾ। ਇਥੇ ਬੈਠੇ ਉਸ ਨੂੰ ਕੋਈ ਸਲਾਹ ਮਸ਼ਵਰਾ ਵੀ ਨਹੀਂ ਦੇ ਸਕਦੇ।

ਦਲਜੀਤ ਸਿੰਘ :

ਉਹ ਫਿਰ ਵੀ ਆਪਣੇ ਲਈ ਬਹੁਤ ਕੁਝ ਕਰੀ ਜਾ ਰਿਹੈ।

[ ਦਲਜੀਤ ਸਿੰਘ ਅੰਦਰ ਜਾਂਦਾ ਹੈ। ਗੁਰਦਿੱਤ ਸਿੰਘ ਇਕ ਪਾਸੇ ਬੈਠ ਕੇ ਕੁਝ ਲਿਖਦਾ ਹੈ। ਰੌਸ਼ਨੀ ਮੱਧਮ ਹੋ ਜਾਂਦੀ ਹੈ।
ਪਿਛੋਕੜ ਵਿਚ ਪਰਦੇ ਪਿਛੋਂ ਔਰਤ ਦਾ ਪਰਛਾਵਾਂ ਦਿੱਸਦਾ ਹੈ। ]

ਔਰਤ :

ਫਿਰ ਕਹਿ ਦਿੰਦੇ ਐ, ਮੈਂ ਬਹੁਤਾ ਬੋਲਦੀ ਐਂ। ਬੋਲਾਂ ਕਿਵੇਂ ਨਾ। ਸਾਡਾ ਕੋਈ ਹਾਲ ਐ ! ਨਾ ਸਾਨੂੰ ਕੋਈ ਅਨਸਾਫ ਮਿਲਿਐ — ਜਿਨ੍ਹਾਂ ਤੋਂ ਸਾਡੇ ਵਾਸਤੇ ਇਕ ਟੁੱਕ ਦੀ ਬੁਰਕੀ ਨ੍ਹੀਂ ਸਰਦੀ, ਇਕ ਪਾਣੀ ਦੀ ਘੁੱਟ ਨ੍ਹੀਂ ਸਰਦੀ — ਉਹ ਅਨਸਾਫ ਕਿਥੋਂ ਦੇ ਦੇਣਗੇ ?



— ਅਨਸਾਫ ਦਿਲਾਂ ਅੰਦਰ ਹੋਵੇ ਤਾਂ ਈ ਦੇਣਗੇ। ਹੇਖਾਂ !... ਅਖੇ ਹਮ ਸਾਰੀ ਦੁਨੀਆਂ ਤੋਂ ਉਚੇ ਅਨਸਾਨ ਐਂ... ਫੇਰ ਕਹਿ ਦਿੰਦੇ ਐ ਮੈਂ ਬੋਲਦੀ ਐਂ। ਮੈਂ ਤਾਂ ਹੋਰ ਉਚੀ ਬੋਲੂੰਗੀ, ਸਾਰੇ ਜਹਾਨ ਨੂੰ ਸੁਣਾਊਂਗੀ — (ਉਚੀ ਆਵਾਜ਼ 'ਚ) ਆਹ ਵੇਖ ਲੌ ਲੋਕੋ, ਅੰਗਰੇਜ ਦਾ ਅਨਸਾਫ ਹੁੰਦਾ !! ਅੱਖਾਂ ਖੋਲ੍ਹ ਕੇ ਵੇਖ ਲੌ। ਫੇਰ ਨਾ ਆਖਿਓ ਕਿਸੇ ਨੇ ਦੱਸਿਆ ਨ੍ਹੀਂ — ਹਾਂ — ਆਹ ਵੇਖੋ ਮੇਰੇ ਬੱਚੜੇ ਦਾ ਹਾਲ...

[ ਰੌਸ਼ਨੀ ਗੁਰਦੁਆਰੇ 'ਤੇ ਪੈਂਦੀ ਹੈ ।
ਹਸਨ ਰਹੀਮ ਅਤੇ ਭਾਗ ਸਿੰਘ ਗੱਲਾਂ ਕਰ ਰਹੇ ਹਨ । ]

ਭਾਗ ਸਿੰਘ :

ਗਿਆਨੀ ਗੁਰਦਿੱਤ ਸਿੰਘ ਹੋਰਾਂ ਦੀ ਚਿੱਠੀ ਬਾਰੇ ਕੀ ਰਾਇ ਹੈ, ਮਿਸਟਰ ਬਰਡ ਦੀ ?

ਹਸਨ ਰਹੀਮ :

ਬਰਡ ਨੇ ਅੱਗੇ ਵਿਕਟੋਰੀਆ ਕੋਰਟ ਵਿਚ ਅਪੀਲ ਕਰ ਦਿੱਤੀ ਹੈ ।

ਭਾਗ ਸਿੰਘ :

ਅੱਛਾ, ਬਹੁਤੀ ਉਮੀਦ ਤਾਂ ਹੁਣ ਉਥੋਂ ਵੀ ਨਹੀਂ ਰੱਖਣੀ ਚਾਹੀਦੀ ।

ਹਸਨ ਰਹੀਮ :

ਸ਼ਾਇਦ ਫ਼ੈਸਲਾ ਹੱਕ ਵਿਚ ਈ ਹੋ ਜਾਏ । ਮੈਨੂੰ ਕਾਫ਼ੀ ਉਮੀਦ ਹੈ ।

ਭਾਗ ਸਿੰਘ :

ਕਿਉਂ ? ਤੁਸੀਂ ਉਥੋਂ ਇਤਨੇ ਆਸਵੰਦ ਕਿਵੇਂ ਹੋ ?

ਹਸਨ ਰਹੀਮ :

ਪਿਛਲੇ ਸਾਲ ਜਿਹੜਾ ਉਣਤਾਲੀ ਪੰਜਾਬੀਆਂ ਦਾ ਕੇਸ ਸੀ, ਜੱਜ ਹੰਟਰ ਨੇ ਜਿਸ ਵਿਚ ਉਹਨਾਂ ਦੇ ਹੱਕ ਵਿਚ ਫ਼ੈਸਲਾ ਦਿੱਤਾ ਸੀ, ਉਹ ਵਿਕਟੋਰੀਆ ਵਿਚ ਹੀ ਹੋਇਆ ਸੀ । ਮੈਂ ਸੋਚਦਾਂ, ਵਿਕਟੋਰੀਆ ਵਿਚ ਸ਼ਾਇਦ ਮਾਹੌਲ ਵੱਖਰਾ ਹੋਵੇ ।

ਭਾਗ ਸਿੰਘ :

ਪਰ ਹੁਣ ਤਾਂ ਕਾਮਾਗਾਟਾ ਮਾਰੂ ਦੇ ਖ਼ਿਲਾਫ਼ ਅਖ਼ਬਾਰਾਂ ਤੇ ਰੇਡੀਓ ਵਾਲੇ ਬਹੁਤ ਰੌਲਾ ਪਾਈ ਜਾਂਦੇ ਐ । ਵਾਤਾਵਰਣ ਬਹੁਤ ਬਦਲ ਚੁੱਕਿਐ ।

ਹਸਨ ਰਹੀਮ :

ਇਹ ਗੱਲ ਤਾਂ ਠੀਕ ਐ । ਪਰ ਬਰਡ ਇਕ ਹੋਰ ਗੱਲ ਤੋਂ ਵੀ ਆਸਵੰਦ



ਹੈ ।

ਭਾਗ ਸਿੰਘ :

ਉਹ ਕਿਹੜੀ ?

ਹਸਨ ਰਹੀਮ :

ਜੇ ਸਾਰੇ ਜੱਜਾਂ ਦੀ ਰਾਇ ਕੇਸ ਦੇ ਖ਼ਿਲਾਫ਼ ਨਾ ਹੋਈ । ਇਕ ਦੀ ਵੀ ਹੱਕ ਵਿਚ ਹੋ ਗਈ, ਫੇਰ ਵੀ ਆਪਾਂ ਅੱਗੇ ਅਪੀਲ ਕਰ ਸਕਾਂਗੇ ।

ਭਾਗ ਸਿੰਘ :

ਅੱਗੇ ਕਿਹੜੀ ਕੋਰਟ ਵਿਚ ?

ਹਸਨ ਰਹੀਮ :

ਸੁਪਰੀਮ ਕੋਰਟ ਵਿਚ । ਬਰਡ ਨੂੰ ਇਸ ਗੱਲ ਦੀ ਪੂਰੀ ਉਮੀਦ ਹੈ ।

ਭਾਗ ਸਿੰਘ :

ਫੇਰ ਤਾਂ ਵਧੀਆ ਗੱਲ ਐ । ਜੇ ਕੇਸ ਬੀ. ਸੀ. 'ਚੋਂ ਇਕ ਵਾਰ ਬਾਹਰ ਚਲਾ ਗਿਆ ਤਾਂ ਫ਼ੈਸਲਾ ਕਾਮਾਗਾਟਾ ਮਾਰੂ ਦੇ ਹੱਕ ਵਿਚ ਹੋਣ ਦੀ ਸੰਭਾਵਨਾ ਵੱਧ ਜਾਵੇਗੀ ।

ਹਸਨ ਰਹੀਮ :

ਗੁਰਦਿੱਤ ਸਿੰਘ ਹੋਰੀਂ ਤਾਂ ਪਹਿਲਾਂ ਹੀ ਇਹੋ ਕਹਿੰਦੇ ਸਨ ਕਿ ਇਕ ਵਾਰ ਕੇਸ ਸੁਪਰੀਮ ਕੋਰਟ ਵਿਚ ਚਲਾ ਜਾਵੇ, ਉਥੇ ਜਸਟਿਸ ਹੋਵੇਗੀ ।

ਭਾਗ ਸਿੰਘ :

ਖ਼ੈਰ, ਇਸ ਦਾ ਪਤਾ ਤਾਂ ਛੇਤੀ ਹੀ ਲੱਗ ਜਾਵੇਗਾ ।

[ ਰੌਸ਼ਨੀ ਕਾਮਾਗਾਟਾ ਮਾਰੂ 'ਤੇ ਪੈਂਦੀ ਹੈ । ਗੁਰਦਿੱਤ ਸਿੰਘ ਬਹੁਤ ਤਣਾਓ ਦੀ ਹਾਲਤ ਵਿਚ ਇਧਰ ਉਧਰ ਟਹਿਲ ਰਿਹਾ ਹੈ। ਦਲਜੀਤ ਸਿੰਘ ਚਿੱਠੀ ਲੈ ਕੇ ਆਉਂਦਾ ਹੈ । ]

ਦਲਜੀਤ ਸਿੰਘ :

ਆਹ ਲਓ ਚਿੱਠੀ, ਬਰਡ ਵਲੋਂ ।

[ ਉਹ ਤਣਾਓ ਦੀ ਹਾਲਤ ਵਿਚ ਮੱਥੇ 'ਤੇ ਹੱਥ ਫੇਰਦਾ ਹੈ ਤੇ ਕਦੇ ਹੱਥ ਮਲਦਾ ਹੈ । ]

ਗੁਰਦਿੱਤ ਸਿੰਘ :

(ਚਿੱਠੀ ਖੋਲ੍ਹਦਾ ਤੇ ਕਾਹਲੀ ਕਾਹਲੀ ਪੜ੍ਹਦਾ ਹੋਇਆ) ਵਿਕਟੋਰੀਆ ਕੋਰਟ ਦੇ ਫ਼ੈਸਲੇ ਬਾਰੇ ਐ —

ਦਲਜੀਤ ਸਿੰਘ :

ਕੀ ਹੋਇਐ ?

ਗੁਰਦਿੱਤ ਸਿੰਘ :

ਕੇਸ ਰੀਜੈਕਟਡ ।

ਦਲਜੀਤ ਸਿੰਘ :

ਰੀਜੈਕਟਡ !

[ ਦੋਵੇਂ ਇਕ ਦੂਜੇ ਵੱਲ ਚੁੱਪ ਚਾਪ ਵੇਖਦੇ ਹਨ, ਜਿਵੇਂ ਕਹਿਣ ਲਈ ਕੁਝ ਅਹੁੜ ਨਾ ਰਿਹਾ ਹੋਵੇ । ]

ਗੁਰਦਿੱਤ ਸਿੰਘ :

(ਸਿਰ ਹਿਲਾ ਕੇ ਜਿਵੇਂ ਦੁਬਾਰਾ ਯਕੀਨ ਕਰ ਰਿਹਾ ਹੋਵੇ) ਕੇਸ ਰੀਜੈਕਟਡ !

ਦਲਜੀਤ ਸਿੰਘ :

ਬੱਸ ? ਕਹਾਣੀ ਖ਼ਤਮ ?



ਗੁਰਦਿੱਤ ਸਿੰਘ :

ਕਹਾਣੀ ਖ਼ਤਮ !

ਦਲਜੀਤ ਸਿੰਘ :

ਇਨਸਾਫ਼ ?

ਗੁਰਦਿੱਤ ਸਿੰਘ :

ਖ਼ਤਮ — ਸਭ ਕੁਝ ਖ਼ਤਮ — ਦੁਨੀਆਂ ਤੋਂ ਇਨਸਾਫ਼ ਖ਼ਤਮ !

[ ਰੌਸ਼ਨੀ ਮੱਧਮ ਹੁੰਦੀ ਹੈ। ਗੁਰਦਿੱਤ ਸਿੰਘ ਬੋਲਦਾ ਬੋਲਦਾ ਤੁਰ ਜਾਂਦਾ ਹੈ। ਚਿੱਠੀ ਉਸ ਦੇ ਹੱਥ ਵਿਚ ਹੀ ਹੈ — ਦਲਜੀਤ ਸਿੰਘ ਉਥੇ ਡੂੰਘੀ ਸੋਚ ਵਿਚ ਇਕ ਦੋ ਪਲ ਟਹਿਲਦਾ ਹੈ, ਫੇਰ ਕੁਰਸੀ 'ਤੇ ਢਹਿ ਪੈਂਦਾ ਹੈ — ਗੁਰਦਿੱਤ ਸਿੰਘ ਫੇਰ ਅੰਦਰੋਂ ਆਉਂਦਾ ਹੈ। ]

ਗੁਰਦਿੱਤ ਸਿੰਘ :

ਦਲਜੀਤ ਸਿੰਘ, ਚਿੱਠੀ ਵਿਚ ਬਰਡ ਨੇ ਕੈਨੇਡਾ ਦੇ ਗ੍ਰਹਿ ਮੰਤਰੀ ਬਾਰੇ ਵੀ ਲਿਖਿਆ ਹੈ।

ਦਲਜੀਤ ਸਿੰਘ :

(ਉਤਸੁਕਤਾ ਨਾਲ ਖੜਾ ਹੁੰਦਾ ਹੋਇਆ) ਕੀ ਲਿਖਿਆ ਹੈ ਉਸ ਬਾਰੇ ?

ਗੁਰਦਿੱਤ ਸਿੰਘ :

ਗ੍ਰਹਿ ਮੰਤਰੀ ਕੋਲ ਮੁਲਕ ਵਿਚ ਰਹਿਣ ਲਈ ਇਜਾਜ਼ਤ ਦੇਣ ਦੇ ਅਧਿਕਾਰ ਹਨ।

ਦਲਜੀਤ ਸਿੰਘ :

ਜੇ ਇਮੀਗ੍ਰੇਸ਼ਨ ਮਹਿਕਮੇ ਵਲੋਂ ਜਵਾਬ ਮਿਲ ਚੁੱਕਾ ਹੋਵੇ, ਫਿਰ ਵੀ ?

ਗੁਰਦਿੱਤ ਸਿੰਘ :

ਫਿਰ ਵੀ ਉਹ ਰਹਿਣ ਦੀ ਇਜਾਜ਼ਤ ਦੇ ਸਕਦਾ ਹੈ। ਖੇਤੀ ਵਾਸਤੇ ਅਲਬਰਟਾ ਵਿਚ ਜ਼ਮੀਨ ਅਲਾਟ ਕਰ ਸਕਦਾ ਹੈ, ਬੇ-ਅਬਾਦ ਪਈ ਜ਼ਮੀਨ।

ਦਲਜੀਤ ਸਿੰਘ :

ਫੇਰ ਤਾਂ ਉਹਦੇ ਕੋਲੇ ਜ਼ਰੂਰ ਅਪੀਲ ਕਰਨੀ ਚਾਹੀਦੀ ਹੈ। ਸਾਰੇ ਮੁਸਾਫ਼ਰ ਫ਼ਾਰਮਰ ਹਨ । ਹੋ ਸਕਦੈ...

ਗੁਰਦਿੱਤ ਸਿੰਘ :

ਹਾਂ, ਮੇਰਾ ਵੀ ਇਹੋ ਖ਼ਿਆਲ ਹੈ। ਆਪਾਂ ਮੁਸਾਫ਼ਰਾਂ ਵਲੋਂ ਇਕ ਤਾਰ ਦੇਈਏ, ਬੇਨਤੀ ਕਰੀਏ ਕਿ ਅਸੀਂ ਮੁਲਕ ਦੇ ਕਿਸੇ ਵੀ ਹਿੱਸੇ ਵਿਚ ਰਹਿਣ ਨੂੰ ਤਿਆਰ ਹਾਂ। ਅਸੀਂ ਸਖ਼ਤ ਮਿਹਨਤ ਨਾਲ ਬੇ-ਅਬਾਦ ਜ਼ਮੀਨ ਨੂੰ ਅਬਾਦ ਕਰ ਦੇਵਾਂਗੇ। ਸਾਨੂੰ ਇਕ ਵਾਰ ਇਥੇ ਰਹਿਣ ਦੀ ਇਜਾਜ਼ਤ ਦੇ ਦੇਵੇ।

ਦਲਜੀਤ ਸਿੰਘ :

ਮੈਂ ਹੁਣੇ ਤਾਰ ਦਿੰਦਾ ਹਾਂ। ਹੋ ਸਕਦੈ ਉਹ ਇਜਾਜ਼ਤ ਦੇ ਦੇਵੇ।

ਗੁਰਦਿੱਤ ਸਿੰਘ :

ਦੇਖੋ ਸ਼ਾਇਦ ਉਹਦੇ ਮਨ ਮਿਹਰ ਪੈ ਜਾਵੇ। ਸ਼ਾਇਦ ਉਹਦੇ ਅੰਦਰ ਇਨਸਾਫ਼ ਹੋਵੇ। ਸਾਰੇ ਲੋਕ ਇਕੋ ਜਿਹੇ ਨਹੀਂ ਹੁੰਦੇ।

[ ਫਿਰ ਉਹ ਕੋਲ ਪਈ (ਜਾਂ ਟੰਗੀ) ਹੋਈ, ਇਕ ਫ਼ੋਟੋ ਹੱਥ ਵਿਚ ਚੁਕਦਾ ਹੈ ਤੇ ਦਲਜੀਤ ਸਿੰਘ ਨੂੰ ਸੰਬੋਧਨ ਕਰਕੇ ਕਹਿੰਦਾ ਹੈ। ]

ਇਸ ਤਸਵੀਰ ਨੂੰ ਮੈਂ ਹਮੇਸ਼ਾਂ ਆਪਣੇ ਨਾਲ ਰੱਖਿਆ ਹੈ — ਇਸ ਤੱਕੜੀ ਤੇ ਤਾਜ ਵਾਲੀ ਤਸਵੀਰ ਨੂੰ। ਇਹ ਤੱਕੜੀ ਦੁਨੀਆਂ ਉੱਤੇ ਅੰਗਰੇਜ਼ੀ ਇਨਸਾਫ਼ ਦਾ ਚਿੰਨ੍ਹ ਹੈ। ਮੈਨੂੰ ਅਜੇ ਵੀ ਅੰਗਰੇਜ਼ੀ ਇਨਸਾਫ਼ 'ਤੇ ਵਿਸ਼ਵਾਸ ਹੈ। ਇਸ ਤਸਵੀਰ ਵਿਚ ਵਿਸ਼ਵਾਸ ਹੈ।

[ ਦਲਜੀਤ ਸਿੰਘ ਬਿਨਾਂ ਹੁੰਗਾਰੇ ਦੇ ਚੁੱਪਚਾਪ ਤਸਵੀਰ ਵੱਲ ਵੇਖਦਾ ਹੈ। ਗੁਰਦਿੱਤ ਸਿੰਘ ਦੀ ਗੱਲ ਖ਼ਤਮ ਹੋਣ 'ਤੇ ਅੰਦਰ ਚਲਾ ਜਾਂਦਾ ਹੈ। ਗੁਰਦਿੱਤ ਸਿੰਘ ਤਸਵੀਰ ਲੈ ਕੇ ਕੁਰਸੀ 'ਤੇ ਬੈਠ ਜਾਂਦਾ ਹੈ ਤੇ ਉਸ ਵੱਲ ਗਹੁ ਨਾਲ ਵੇਖਦਾ ਰਹਿੰਦਾ ਹੈ।
ਰੌਸ਼ਨੀ ਮੱਧਮ ਹੁੰਦੀ ਹੈ।
ਪਰਦੇ ਪਿੱਛੋਂ ਔਰਤ ਦਾ ਪਰਛਾਵਾਂ ਦਿਸਦਾ ਹੈ। ]

ਔਰਤ :

ਲੈ ਹੁਣ ਕਹਿੰਦੇ ਐ ਤੁਰ ਜੋ। ਅੱਗੇ ਮਸਾਂ ਭੁੱਖੇ-ਤਿਹਾਏ ਟਿਕਾਣੇ ਲੱਗੇ ਸੀ। ਦੋ ਮਹੀਨੇ ਏਥੇ ਦਾਣੇ ਦਾਣੇ ਨੂੰ ਤਰਸਦੇ ਰਹੇ। ਹੁਣ ਕਹਿੰਦੇ ਐ — ਜਾਉ,



ਜਿਥੋਂ ਆਏ ਓਂ। ਸਾਡਾ ਮੁਲਕ ਗੰਦਾ ਨਾ ਕਰੋ। ਐਨੀ ਬੇ-ਇਜਤੀ! ਐਨਾ ਜ਼ੁਲਮ! ਐਨਾ ਪਤਾ ਹੁੰਦਾ ਕਾਹਨੂੰ ਏਥੇ ਆਉਣਾ ਸੀ, ਖ਼ੁਆਰ ਹੋਣ। ਹੁਣ ਸਾਡੇ 'ਚ ਭਲਾ ਪਿੱਛੇ ਮੁੜਨ ਦੀ ਤਾਕਤ ਰਹਿ'ਗੀ। ਰਾਹ 'ਚ ਈ ਰਹਿ ਜਾਂ'ਗੇ ਭੁੱਖੇ-ਤਿਹਾਏ — ਮਗਰਮੱਛਾਂ ਜੋਗੇ — ਆਹ ਮੇਰੇ ਲਾਲ ਵੱਲ ਤਾਂ ਵੇਖੋ, ਚਲੋ ਮੇਰੇ ਸੁੱਕੇ ਬੁੱਲ੍ਹਾਂ ਵੱਲ ਨਾ ਸਹੀ — ਵੇਖੋ ਮੇਰੇ ਲਾਲ ਦੇ ਬੁਲ੍ਹ ਕਿਵੇਂ ਖ਼ੁਸ਼ਕ ਹੋਏ ਪਏ ਐ — ਕਿਵੇਂ ਪਾਟੇ ਪਏ ਐ — ਇਹਦੇ ਜੋਗੀ ਵੀ ਰੋਟੀ ਹੈ ਨ੍ਹੀਂ ਇਹਨਾਂ ਕੋਲ — ਹੁਣ ਕਹਿੰਦੇ ਐ ਇਹਨੂੰ ਐਂ ਈ ਲੈ ਕੇ ਵਾਪਸ ਤੁਰ ਜਾ — ਨਾ ਵੇ ਅੜਿਆ, ਮੇਰੇ ਕੋਲ ਲੈ ਦੇ ਕੇ ਇਹੋ ਹੀ ਤਾਂ ਰਹਿੰਦਾ ਹੈ — ਜੇ ਇਹਨੂੰ ਵੀ ਕੁਝ ਹੋ ਗਿਆ! ਕੀ ਰਹਿ ਜੂ ਮੇਰੇ ਕੋਲ ਪਿੱਛੇ... ਕੀ ਰਹਿ ਜੂ... ?

[ ਰੌਸ਼ਨੀ ਫੇਰ ਤੇਜ਼ ਹੁੰਦੀ ਹੈ।
ਗੁਰਦਿੱਤ ਸਿੰਘ ਤਸਵੀਰ ਰੱਖ ਦਿੰਦਾ ਹੈ ਤੇ ਘੁੰਮਣ ਫਿਰਨ ਲੱਗ ਜਾਂਦਾ ਹੈ — ਦਲਜੀਤ ਸਿੰਘ ਦਾਖ਼ਲ ਹੁੰਦਾ ਹੈ — ਹੱਥ ਵਿਚ ਇਕ ਲਿਫ਼ਾਫ਼ਾ ਹੈ। ਗੁਰਦਿੱਤ ਸਿੰਘ ਦਲਜੀਤ ਸਿੰਘ ਵੱਲ ਵੇਖਦਾ ਹੈ। ]

ਦਲਜੀਤ ਸਿੰਘ :

ਤਾਰ ਦਾ ਜਵਾਬ ਆਇਐ — ਗ੍ਰਹਿ ਮੰਤਰੀ ਵਲੋਂ।

ਗੁਰਦਿੱਤ ਸਿੰਘ :

(ਚੌਂਕ ਕੇ) ਅੱਛਾ, ਐਨੀ ਛੇਤੀ! ਖੋਲ੍ਹੋ ਫੇਰ —

ਦਲਜੀਤ ਸਿੰਘ :

(ਲਿਫ਼ਾਫ਼ਾ ਪਹਿਲਾਂ ਆਪ ਖੋਲ੍ਹਣ ਲੱਗਦਾ ਹੈ, ਫਿਰ ਕੁਝ ਸੋਚ ਕੇ ਗੁਰਦਿੱਤ ਸਿੰਘ ਵੱਲ ਵਧਾ ਦੇਂਦਾ ਹੈ) ਤੁਸੀਂ ਈ ਖੋਲ੍ਹੋ —

ਗੁਰਦਿੱਤ ਸਿੰਘ :

(ਦਲਜੀਤ ਸਿੰਘ ਤੋਂ ਲਿਫ਼ਾਫ਼ਾ ਲੈਂਦਾ ਹੋਇਆ) ਕਿਉਂ, ਕਿਉਂ, ਖੋਲ੍ਹੋ। ਅੱਛਾ ਲਿਆ ਫੇਰ—

[ ਗੁਰਦਿੱਤ ਸਿੰਘ ਇਕ ਪਲ ਤੱਕੜੀ ਵਾਲੀ ਤਸਵੀਰ ਵੱਲ ਵੇਖਦਾ ਹੈ — ਫਿਰ ਦਲਜੀਤ ਸਿੰਘ ਦੀਆਂ

ਅੱਖਾਂ ਵਿਚ ਵੇਖਦਾ ਹੈ — ਤੇ ਤੇਜ਼ੀ ਨਾਲ ਲਿਫ਼ਾਫ਼ਾ ਖੋਲ੍ਹ ਕੇ ਕਾਗਜ਼ ਪੜ੍ਹਦਾ ਹੈ। ]

ਦਲਜੀਤ ਸਿੰਘ :
ਕੀ ਬਣਿਆ ?

[ ਗੁਰਦਿੱਤ ਸਿੰਘ ਖ਼ਾਮੋਸ਼ ਦਲਜੀਤ ਸਿੰਘ ਵੱਲ ਵੇਖਦਾ ਹੈ। ]

(ਉਤਸੁਕਤਾ ਨਾਲ) ਮੈਂ ਪੁੱਛਿਐ, ਅਪੀਲ ਦਾ ਕੀ ਬਣਿਆ ?

ਗੁਰਦਿੱਤ ਸਿੰਘ :
(ਉਸ ਨੂੰ ਤਾਰ ਫੜਾਉਂਦਾ ਹੋਇਆ) ਅਪੀਲ ਰੀਜੈਕਟਡ।

ਦਲਜੀਤ ਸਿੰਘ :
ਰੀਜੈਕਟਡ !

ਗੁਰਦਿੱਤ ਸਿੰਘ :
ਹਾਂ। ਆਪਣੀ ਇਥੇ ਕੋਈ ਲੋੜ ਨਹੀਂ, ਆਪਾਂ ਨੂੰ ਇਥੇ ਕੋਈ ਨਹੀਂ ਚਾਹੁੰਦਾ — ਇਹ ਮੁਲਕ ਗੋਰੀ ਕੌਮ ਵਾਸਤੇ ਐ —

ਦਲਜੀਤ ਸਿੰਘ :
ਪਰ ਆਪਾਂ ਵੀ ਤਾਂ ਬ੍ਰਿਟਿਸ਼ ਨਾਗਰਿਕ ਹਾਂ।

ਗੁਰਦਿੱਤ ਸਿੰਘ :
ਘਟੀਆਂ ਬ੍ਰਿਟਿਸ਼ ਨਾਗਰਿਕ — ਇਨ੍ਹਾਂ ਦੱਸਿਆ ਨਹੀਂ ਕੈਨੇਡਾ ਵਾਲਿਆਂ, ਆਪਾਂ ਘਟੀਆ ਬ੍ਰਿਟਿਸ਼ ਨਾਗਰਿਕ ਹਾਂ।

ਦਲਜੀਤ ਸਿੰਘ :
ਪਰ ਇਨਸਾਫ਼ ?

ਗੁਰਦਿੱਤ ਸਿੰਘ :
ਇਨਸਾਫ਼ ! ਇਨਸਾਫ਼ ! ਇਨਸਾਫ਼ ! ਕਿਹੜਾ ਇਨਸਾਫ਼ ?

ਦਲਜੀਤ ਸਿੰਘ :
ਅੰਗਰੇਜ਼ ਦਾ ਮਹਾਨ ਇਨਸਾਫ਼ — ?

ਗੁਰਦਿੱਤ ਸਿੰਘ :
ਇਥੋਂ ਦੇ ਲੋਕਾਂ ਨੇ ਅੰਗਰੇਜ਼ੀ ਇਨਸਾਫ਼ ਦੀਆਂ ਧੱਜੀਆਂ ਉੱਡਾ ਦਿੱਤੀਆਂ ਹਨ — ਕੈਨੇਡਾ ਦੀ ਸਰਕਾਰ ਨੇ ਸਾਡੇ ਮੂੰਹ 'ਤੇ ਥੁੱਕਿਆ ਹੈ।



ਦਲਜੀਤ ਸਿੰਘ :
ਤੇ ਅੰਗਰੇਜ਼ ਸਾਮਰਾਜ ਇਸ ਨੂੰ ਵੇਖ ਕੇ ਹੱਸਿਆ ਹੈ —

[ ਗੁੱਸੇ ਵਿਚ ਆ ਕੇ ਉਹ ਤੱਕੜੀ ਵਾਲੀ ਫ਼ੋਟੋ ਚੁੱਕ ਲੈਂਦਾ ਹੈ ਤੇ ਵਗਾਹ ਕੇ ਮਾਰਨ ਲੱਗਦਾ ਹੈ — ਗੁਰਦਿੱਤ ਸਿੰਘ ਉਸਨੂੰ ਹੱਥ ਦੇ ਇਸ਼ਾਰੇ ਨਾਲ ਰੋਕਦਾ ਹੈ। ]

ਇਹਨਾਂ ਸਾਡੀ ਬੇਪਤੀ ਕੀਤੀ ਹੈ। ਹਿੰਦੁਸਤਾਨੀ ਕੌਮ ਦੀ ਬੇ-ਇੱਜ਼ਤੀ ਕੀਤੀ ਹੈ। ਬਰਦਾਸ਼ਤ ਕਰਨਾ ਬਹੁਤ ਮੁਸ਼ਕਲ ਹੈ। (ਫ਼ੋਟੋ ਪਾਸੇ ਰੱਖਦਾ ਹੈ)

ਗੁਰਦਿੱਤ ਸਿੰਘ :
ਇਸ ਸਭ ਕੁਝ ਦੀ ਜ਼ਿੰਮੇਵਾਰ ਕੈਨੇਡੀਅਨ ਸਰਕਾਰ ਹੈ — ਕੈਨੇਡੀਅਨ ਸਰਕਾਰ। ਨਸਲੀ, ਜਾਹਲ, ਕਮੀਨੀ ! ਇਥੋਂ ਦੀਆਂ ਕੋਰਟਾਂ ਵੀ ਬੁਜ਼ਦਿਲ ਹਨ, ਘਟੀਆ। ਮੈਂ ਆਪਣੇ ਮੁਲਕ ਸੁਪਰੀਮ ਕੋਰਟ ਵਿਚ ਜਾਵਾਂਗਾ — ਉਥੇ ਗਿਣ ਗਿਣ ਕੇ ਸਭ ਹਿਸਾਬ ਲਵਾਂਗਾ — ਇਕ ਇਕ ਦਿਨ ਦਾ ਹਿਸਾਬ !

ਦਲਜੀਤ ਸਿੰਘ :
(ਖਿਝ ਕੇ) ਹਿੰਦੁਸਤਾਨ ਆਪਣਾ ਮੁਲਕ ਨਹੀਂ, ਅੰਗਰੇਜ਼ੀ ਸਾਮਰਾਜ ਦੀ ਬਸਤੀ ਹੈ। (ਕਹਿ ਕੇ ਅੰਦਰ ਚਲਾ ਜਾਂਦਾ ਹੈ)

ਗੁਰਦਿੱਤ ਸਿੰਘ :
(ਜਾਂਦੇ ਹੋਏ ਦਲਜੀਤ ਸਿੰਘ ਨੂੰ ਸੰਬੋਧਨ ਕਰਕੇ) ਤੂੰ ਵਿਸ਼ਵਾਸ ਰੱਖ, ਦਲਜੀਤ ਸਿੰਘ, ਵਾਪਸ ਜਾ ਕੇ ਮੈਂ ਕੈਨੇਡੀਅਨ ਸਰਕਾਰ ਦਾ ਪਰਦਾ ਫ਼ਾਸ਼ ਕਰ ਦੇਵਾਂਗਾ — ਤੇ ਦੁਨੀਆਂ ਨੂੰ ਇਸ ਦਾ ਅਸਲੀ ਚਿਹਰਾ ਦਿਖਾਵਾਂਗਾ — ਗਲਿਆ ਸੜ੍ਹਿਆ ਤੇ ਘਿਨਾਉਣਾ ਚਿਹਰਾ —

[ ਰੌਸ਼ਨੀ ਮੱਧਮ ਹੁੰਦੀ ਹੈ। ਪਰਦੇ ਪਿਛੋਂ ਔਰਤ ਦਾ ਪਰਛਾਵਾਂ ਦਿੱਸਦਾ ਹੈ। ]

ਔਰਤ :
ਫੇਰ ਕਹਿ ਦਿੰਦੇ ਐ ਮੈਂ ਉਚੀ ਬੋਲਦੀ ਆਂ, ਮੈਂ ਕਮਲੀ ਆਂ — ਕਮਲੀ ਤਾਂ ਮੈਂ ਆਪੇ ਹੋਈ — ਹੁਣ ਲੱਗ ਗਿਆ ਨਾ ਪਤਾ — ਖੁਲ੍ਹ ਗਏ ਨਾ

ਕਪਾਟ — ਲੈਂ ਹੋਰ ਸੁਣ ਲਉ ਅਖੇ ਤੁਹਾਡੇ ਵਾਸਤੇ ਇਥੇ ਕੋਈ ਜ਼ਮੀਨ ਨਹੀਂ ਵਾਹੁਣ ਜੋਗੀ — ਬੰਜਰ ਵੀ ਕੋਈ ਨਹੀਂ — ਉਂ ਸਾਡਾ ਮੁਲਕ ਬਹੁਤ ਖੁੱਲ੍ਹਾ ਚੌੜਾ ਐ — ਪਰ ਤੁਹਾਡੇ ਵਰਗੇ ਨੀਚਾਂ ਵਾਸਤੇ ਕੋਈ ਥਾਂ ਨਹੀਂ — ਮੈਂ ਤਾਂ ਕਹਿਨੀ ਆਂ ਹੋਰ ਕਰੋ ਅੰਗਰੇਜਾਂ ਦੀ ਸੇਵਾ — ਹੋਰ ਮਰੋ ਜਾ ਜਾ ਕੇ ਉਹਨਾਂ ਵਾਸਤੇ ਲੜਾਈਆਂ ਵਿਚ, ਹੋਰ ਦਿਉ ਪੈਸੇ 'ਕੱਠੇ ਕਰ ਕੇ ਉਹਨਾਂ ਨੂੰ — ਹੋਰ ਚੱਟੋ ਉਹਨਾਂ ਦੀਆਂ ਜੁੱਤੀਆਂ... ਹੋਰ...

[ ਰੌਸ਼ਨੀ ਫੇਰ ਤੇਜ਼ ਹੁੰਦੀ ਹੈ ।
ਦਲਜੀਤ ਸਿੰਘ ਦਾਖ਼ਲ ਹੰਦਾ ਹੈ । ]

ਗੁਰਦਿੱਤ ਸਿੰਘ :
ਦਲਜੀਤ ਸਿੰਘ, ਤਿਆਰੀ ਕਰੋ । ਅਸੀ ਹੁਣ ਇਥੇ ਹੋਰ ਨਹੀਂ ਠਹਿਰਨਾ ਚਾਹੁੰਦੇ — ਇਸ ਮੁਲਕ 'ਚੋਂ ਬੋ ਆਉਂਦੀ ਐ ।

ਦਲਜੀਤ ਸਿੰਘ :
ਪਰ ਰਾਸ਼ਨ ਤਾਂ ਜਹਾਜ਼ 'ਤੇ ਇਕ ਦਿਨ ਦਾ ਵੀ ਨਹੀਂ — ਸਮੁੰਦਰ ਵਿਚ ਡੇਢ ਦੋ ਮਹੀਨੇ ਕਿਸ ਤਰ੍ਹਾਂ ਕਟਾਂਗੇ ?

ਗੁਰਦਿੱਤ ਸਿੰਘ :
ਰਾਸ਼ਨ ? ਓ... ਹਾਂ ਹਾਂ — ਮੈਨੂੰ ਤਾਂ ਖ਼ਿਆਲ ਈ ਨਹੀਂ ਰਿਹਾ । ਆਪਣੇ ਵਲੋਂ ਬਰਡ ਨੇ ਜੋ ਸ਼ਰਤਾਂ ਇਮੀਗ੍ਰੇਸ਼ਨ ਵਾਲਿਆਂ ਨੂੰ ਦਿੱਤੀਆਂ ਹਨ — ਉਹ ਪੂਰੀਆਂ ਕਰਵਾ ਕੇ ਹੀ ਜਾਵਾਂਗੇ — ਨਾਲੇ ਰਾਸ਼ਨ ਬਿਨਾਂ ਤਾਂ ਤੁਰਨਾ ਹੀ ਅਸੰਭਵ ਹੈ ।

ਦਲਜੀਤ ਸਿੰਘ :
ਅਸੀਂ ਵੈਨਕੂਵਰ ਵਿਚ ਰਹਿੰਦੇ ਆਪਣੇ ਭਰਾਵਾਂ ਨੂੰ ਵੀ ਜ਼ਰੂਰ ਮਿਲਣਾ ਹੈ — ਉਹਨਾਂ ਸਾਡੀ ਖ਼ਾਤਰ ਐਨੀ ਕੁਰਬਾਨੀ ਕੀਤੀ ਹੈ, ਜਿਸ ਦੀ ਮਿਸਾਲ ਮਿਲਣੀ ਮੁਸ਼ਕਿਲ ਹੈ ।

ਗੁਰਦਿੱਤ ਸਿੰਘ :
ਇਕ ਪਾਸੇ ਹਨ ਸਾਡੇ ਹਿਦੁਸਤਾਨੀ, ਜੋ ਦੂਜਿਆਂ ਦੀ ਖ਼ਾਤਰ ਆਪਣਾ ਸਭ ਕੁਝ ਵਾਰਨ ਨੂੰ ਤਿਆਰ ਹਨ — ਦੂਜੇ ਪਾਸੇ ਇਹ ਹਨ ਕੈਨੇਡੀਅਨ ਅਫ਼ਸਰ, ਇਨਸਾਨ ਦੇ ਭੇਸ 'ਚ ਹੈਵਾਨ ।



ਦਲਜੀਤ ਸਿੰਘ :
ਮੈਂ ਪਤਾ ਲੈ ਆਵਾਂ, ਕਰਤਾਰ ਸਿੰਘ ਕਈ ਦਿਨਾਂ ਦਾ ਬੀਮਾਰ ਐ —

[ ਜਾਣ ਲੱਗਦਾ ਹੈ ਫਿਰ ਵਾਪਸ ਆ ਜਾਂਦਾ ਹੈ । ]

ਹਾਪਕਿਨਸਨ ਆ ਰਹਿਐ ।

ਗੁਰਦਿੱਤ ਸਿੰਘ :
ਹਾਪਕਿਨਸਨ ਇਕੱਲਾ ਈ ?

ਦਲਜੀਤ ਸਿੰਘ :
ਇਕੱਲਾ ਹੀ ਲੱਗਦੈ । ਬੇਲਾ ਸਿੰਘ ਤੇ ਤਿੰਨ-ਚਾਰ ਬੰਦੇ ਹੋਰ ਮੁਸਾਫ਼ਰਾਂ ਨਾਲ ਗੱਲਾਂ ਕਰ ਰਹੇ ਹਨ ।

ਗੁਰਦਿੱਤ ਸਿੰਘ :
ਆ ਜਾਣ ਦੇ ।

[ ਇਕ ਪਲ ਗੁਰਦਿੱਤ ਸਿੰਘ ਤੇ ਦਲਜੀਤ ਸਿੰਘ ਹਾਪਕਿਨਸਨ ਦੀ ਉਡੀਕ ਕਰਦੇ ਹਨ ।
ਹਾਪਕਿਨਸਨ ਆਉਂਦਾ ਹੈ । ]

ਹਾਪਕਿਨਸਨ :
ਹੈਲੋ...

[ ਗੁਰਦਿੱਤ ਸਿੰਘ ਤੇ ਦਲਜੀਤ ਸਿੰਘ ਕੋਈ ਜਵਾਬ ਨਹੀਂ ਦਿੰਦੇ । ]

ਹਾਪਕਿਨਸਨ :
ਗੁਰਦਿੱਤ ਸਿੰਘ, ਤੁਸੀਂ ਜਾਣ ਦੀ ਤਿਆਰੀ ਕਰ ਲਈ ਐ ?

ਗੁਰਦਿੱਤ ਸਿੰਘ :
ਕਰ ਰਹੇ ਹਾਂ... (ਖ਼ੁਸ਼ਕ ਲਹਿਜੇ ਵਿਚ ਬੋਲਦਾ ਹੋਇਆ)

ਹਾਪਕਿਨਸਨ :
ਮੈਂ ਕੈਪਟਨ ਨੂੰ ਕਹਿੰਦਾ ਹਾਂ । ਜਹਾਜ਼ ਨੂੰ ਤੋਰਨ ਦੀ ਤਿਆਰੀ ਕਰੇ ।

ਗੁਰਦਿੱਤ ਸਿੰਘ :
ਠਹਿਰੋ ! ਕੈਪਟਨ ਨੂੰ ਹੁਕਮ ਤੁਸੀਂ ਨਹੀਂ ਦੇ ਸਕਦੇ...

ਹਾਪਕਿਨਸਨ :

ਮੈਨੂੰ ਅਫ਼ਸੋਸ ਹੈ ਤੁਹਾਨੂੰ ਵਾਪਸ ਜਾਣਾ ਪੈ ਰਿਹੈ ਪਰ ਹੋਰ ਕੋਈ ਚਾਰਾ ਨਹੀਂ। ਇਹ ਕੋਰਟ ਦਾ ਹੁਕਮ ਹੈ।

ਦਲਜੀਤ ਸਿੰਘ :

ਤੁਸੀਂ ਹੋਰ ਕੁਝ ਕਹਿਣਾ ਹੈ ?

ਹਾਪਕਿਨਸਨ :

ਮੈਂ ਤਾਂ ਇਹੀ ਕਹਿਣ ਆਇਆ ਹਾਂ, ਮਿਸਟਰ ਰੀਡ ਦਾ ਹੁਕਮ ਹੈ, ਤੁਸੀਂ ਸੁਬ੍ਹਾ ਹੀ ਇਥੋਂ ਰਵਾਨਾ ਹੋ ਜਾਓ।

ਗੁਰਦਿੱਤ ਸਿੰਘ :

ਰੀਡ ਨੂੰ ਮਿਸਟਰ ਬਰਡ ਨੇ ਸਾਡੇ ਵਲੋਂ ਕੁਝ ਸ਼ਰਤਾਂ ਪੇਸ਼ ਕੀਤੀਆਂ ਨੇ — ਇਹ ਤੁਹਾਨੂੰ ਪਤੈ ?

ਹਾਪਕਿਨਸਨ :

ਮੈਨੂੰ ਪਤਾ ਹੈ।

ਗੁਰਦਿੱਤ ਸਿੰਘ :

ਜਿੰਨਾ ਚਿਰ ਇਮੀਗ੍ਰੇਸ਼ਨ ਵਾਲੇ ਸ਼ਰਤਾਂ ਪੂਰੀਆਂ ਨਹੀਂ ਕਰਦੇ, ਅਸੀਂ ਇਥੋਂ ਨਹੀਂ ਜਾਵਾਂਗੇ।

ਹਾਪਕਿਨਸਨ :

ਉਹ ਸ਼ਰਤਾਂ ਬਹੁਤ ਨਾਜਾਇਜ਼ ਹਨ। ਅਸੀਂ ਉਹ ਪੂਰੀਆਂ ਨਹੀਂ ਕਰ ਸਕਦੇ।

ਦਲਜੀਤ ਸਿੰਘ :

ਕੀ ਇਥੇ ਆਪਣੇ ਦੋਸਤਾਂ, ਰਿਸ਼ਤੇਦਾਰਾਂ ਨੂੰ ਮਿਲਣ ਲਈ ਇਜਾਜ਼ਤ ਮੰਗਣਾ ਨਾਜਾਇਜ਼ ਹੈ ?

ਹਾਪਕਿਨਸਨ :

ਹਾਂ, ਸਾਨੂੰ ਸ਼ੱਕ ਹੈ ਕਿ ਉਹ ਤੁਹਾਨੂੰ ਇਨਕਲਾਬੀ ਸਾਹਿਤ ਪਹੁੰਚਾ ਦੇਣਗੇ। ਪਹਿਲਾਂ ਵੀ ਉਹ ਕਿਵੇਂ ਨਾ ਕਿਵੇਂ ਅਜਿਹਾ ਖ਼ਤਰਨਾਕ ਸਾਹਿਤ ਪਹੁੰਚਾਂਦੇ ਰਹੇ ਨੇ।

ਦਲਜੀਤ ਸਿੰਘ :

ਜਹਾਜ਼ ਇਥੋਂ ਜਾ ਰਿਹੈ ਕੈਨੇਡਾ 'ਚੋਂ। ਉਹ ਸਾਹਿਤ ਕੀ ਅਰਥ ਰੱਖਦਾ ਹੈ ?

ਹਾਪਕਿਨਸਨ :

ਮੁਸਾਫ਼ਰ ਇਹ ਸਾਹਿਤ ਇੰਡੀਆ ਜਾ ਕੇ ਵਰਤ ਸਕਦੇ ਨੇ। ਅਸੀਂ ਪੂਰੇ



ਬ੍ਰਿਟਿਸ਼ ਸਾਮਰਾਜ ਦੇ ਖ਼ੈਰਖ਼ਾਹ ਹਾਂ।

ਗੁਰਦਿੱਤ ਸਿੰਘ :

ਸਾਡੀ ਇਕ ਸ਼ਰਤ ਜਹਾਜ਼ ਨੂੰ ਸਾਰੇ ਰਾਹ ਵਾਸਤੇ ਲੋੜੀਂਦਾ ਰਾਸ਼ਨ ਦੇਣ ਦੀ ਵੀ ਹੈ। ਉਹ ਵੀ ਤੁਹਾਨੂੰ ਨਜਾਇਜ਼ ਲੱਗਦੀ ਹੈ ?

ਹਾਪਕਿਨਸਨ :

ਬਿਲਕੁਲ।

ਦਲਜੀਤ ਸਿੰਘ :

ਉਹ ਵੀ ਨਜਾਇਜ਼ ?

ਹਾਪਕਿਨਸਨ :

ਹਾਂ, ਜੇ ਅਸੀਂ ਤੁਹਾਨੂੰ ਰਾਸ਼ਨ ਦੇ ਦਿੱਤਾ ਤਾਂ ਫਿਰ ਸਾਰੇ ਇਸ ਤਰ੍ਹਾਂ ਦੇ ਜਹਾਜ਼ਾਂ ਵਾਲੇ ਇੱਥੇ ਆ ਕੇ ਸਾਥੋਂ ਰਾਸ਼ਨ ਮੰਗਿਆ ਕਰਨਗੇ। ਇਸ ਮਿਸਾਲ ਨਾਲ ਉਹ ਰਾਸ਼ਨ ਲੈਣਾ ਆਪਣਾ ਕਾਨੂੰਨੀ ਹੱਕ ਸਮਝਣਗੇ।

ਗੁਰਦਿੱਤ ਸਿੰਘ :

ਇਮੀਗ੍ਰੇਸ਼ਨ ਵਾਲਿਆਂ ਨੇ ਆਪ ਜੇਲ੍ਹਰ ਬਣਕੇ ਸਾਨੂੰ ਇੱਥੇ ਕੈਦੀ ਬਣਾ ਛੱਡਿਆ ਹੈ। ਕੈਦੀਆਂ ਦੇ ਖਾਣ ਪੀਣ ਦਾ ਜ਼ਿੰਮਾਂ ਵੀ ਜੇਲ੍ਹਰਾਂ ਦੇ ਸਿਰ ਹੁੰਦਾ ਹੈ। ਅਸੀਂ ਇਸ ਤੋਂ ਵੱਧ ਕੁਝ ਨਹੀਂ ਜਾਣਦੇ ਤੇ ਨਾ ਹੀ ਕੁਝ ਹੋਰ ਸੁਣਨਾ ਚਾਹੁੰਦੇ ਹਾਂ।

ਹਾਪਕਿਨਸਨ :

ਤੁਹਾਨੂੰ ਸੁਣਨਾ ਹੀ ਪਵੇਗਾ। ਅਸੀਂ ਰਾਸ਼ਨ ਕਿਸੇ ਹਾਲਤ ਵਿਚ ਵੀ ਨਹੀਂ ਦੇਣਾ। ਇਹ ਫ਼ੈਸਲਾ ਹੋ ਚੁੱਕਿਐ।

ਦਲਜੀਤ ਸਿੰਘ :

ਤੁਹਾਨੂੰ ਪਤੈ ? ਜਹਾਜ਼ 'ਤੇ ਇਕ ਦਿਨ ਦਾ ਵੀ ਰਾਸ਼ਨ ਨਹੀਂ, ਤੇ ਸਫ਼ਰ 'ਤੇ ਡੇਢ ਮਹੀਨਾ ਲੱਗ ਜਾਣਾ ਹੈ। ਸਾਰੇ ਮੁਸਾਫ਼ਰ ਯਕੀਨਨ ਰਾਹ ਵਿਚ ਹੀ ਭੁੱਖੇ ਤਿਹਾਏ ਮਰ ਜਾਣਗੇ।

ਹਾਪਕਿਨਸਨ :

ਮੈਂ ਇਹੋ ਜਿਹਾ ਕੁਝ ਨਹੀਂ ਸੁਣਨਾ ਚਾਹੁੰਦਾ। ਤੁਹਾਨੂੰ ਅੱਜ ਸੁਬ੍ਹਾ ਹੀ ਇਥੋਂ ਰਵਾਨਾ ਹੋਣਾ ਪਵੇਗਾ। ਇਹ ਸਾਡਾ ਹੁਕਮ ਹੈ। ਸਮਝੇ ?

ਗੁਰਦਿੱਤ ਸਿੰਘ :

ਫਿਰ ਅਸੀਂ ਵੀ ਫ਼ੈਸਲਾ ਕਰ ਲਿਆ ਹੈ। ਆਪਣੀਆਂ ਸ਼ਰਤਾਂ ਮੰਨਵਾਏ

ਬਿਨਾਂ ਇਥੋਂ ਕਿਸੇ ਹਾਲਤ ਵਿਚ ਵੀ ਨਹੀਂ ਤੁਰਾਂਗੇ ।

ਹਾਪਕਿਨਸਨ :

ਤੁਹਾਡੇ ਵਿਚ ਇਤਨੀ ਹਿੰਮਤ ਹੈ ?

ਦਲਜੀਤ ਸਿੰਘ :

ਇਹ ਸਾਨੂੰ ਪਤਾ ਹੈ ।

ਗੁਰਦਿੱਤ ਸਿੰਘ :

ਹਾਪਕਿਨਸਨ, ਬਿਹਤਰ ਹੈ ਤੁਸੀਂ ਹੁਣ ਇਥੋਂ ਚਲੇ ਜਾਓ ਤੇ ਰੀਡ ਨੂੰ ਸਾਡੇ ਫ਼ੈਸਲੇ ਬਾਰੇ ਦੱਸ ਦਿਓ ।

ਹਾਪਕਿਨਸਨ :

ਹਰਗਿਜ਼ ਨਹੀਂ ।

ਦਲਜੀਤ ਸਿੰਘ :

ਹੋਰ ਕੀ ਕਹਿਣਾ ਚਾਹੁੰਦੇ ਹੋ ?

ਹਾਪਕਿਨਸਨ :

ਜੇ ਤੁਸੀਂ ਸੁਬ੍ਹਾ ਰਵਾਨਾ ਨਾ ਹੋਏ ਤਾਂ ਤੁਹਾਨੂੰ ਜ਼ਬਰਦਸਤੀ ਇਥੋਂ ਕੱਢ ਦਿੱਤਾ ਜਾਵੇਗਾ । ਇਹ ਫ਼ੈਸਲਾ ਹੋ ਚੁੱਕਿਆ ਹੈ ।

ਦਲਜੀਤ ਸਿੰਘ :

ਜ਼ਬਰਦਸਤੀ ਕਿਸ ਤਰ੍ਹਾਂ ? ਜਹਾਜ਼ ਨੂੰ ਧੱਕਾ ਲਾ ਕੇ... ?

ਹਾਪਕਿਨਸਨ :

ਪੰਜ ਸੌ ਪੁਲੀਸ ਵਾਲਿਆਂ ਨੂੰ ਇਸ ਕੰਮ ਲਈ ਹੁਕਮ ਦੇ ਦਿੱਤੇ ਗਏ ਹਨ ।

ਗੁਰਦਿੱਤ ਸਿੰਘ :

ਇਹ ਹੁਕਮ ਕਿਸ ਨੇ ਦਿੱਤਾ ਹੈ ?

ਹਾਪਕਿਨਸਨ :

ਮਿਸਟਰ ਰੀਡ ਨੇ । ਇਥੋਂ ਦੇ ਮੇਅਰ ਨੇ । ਮੈਂ । ਇਹ ਕੈਨੇਡਾ ਸਰਕਾਰ ਦਾ ਹੁਕਮ ਹੈ । ਤੇ ਮੈਂ ਤੁਹਾਨੂੰ ਸਾਰੀ ਗੱਲ ਸਾਫ਼ ਸਾਫ਼ ਦੱਸਣ ਆਇਆ ਹਾਂ ।

ਗੁਰਦਿੱਤ ਸਿੰਘ :

(ਚਿੜ੍ਹ ਕੇ) ਮਿਸਟਰ ਹਾਪਕਿਸਨ, ਤੇਰੇ ਸਾਫ਼ ਸਾਫ਼ ਦੱਸਣ ਜਾਂ ਨਾ ਦੱਸਣ ਨਾਲ ਹੁਣ ਕੋਈ ਫ਼ਰਕ ਨਹੀਂ ਪੈਂਦਾ । ਬਿਹਤਰ ਹੈ ਤੁਸੀਂ ਜਾਓ ਤੇ ਰੀਡ ਨੂੰ ਸਾਡਾ ਫ਼ੈਸਲਾ ਦੱਸੋ । ਜਾਓ ।



[ ਗੁਰਦਿੱਤ ਸਿੰਘ ਹਾਪਕਿਨਸਨ ਵਲੋਂ ਧਿਆਨ ਹਟਾ ਕੇ ਹੋਰ ਕੁਝ ਕਰਨ ਲੱਗ ਪੈਂਦਾ ਹੈ । ]

ਹਾਪਕਿਨਸਨ :

(ਗੁੱਸੇ ਵਿਚ ਜਾਂਦਾ ਹੋਇਆ) ਹੁਣ ਇਸ ਬਾਰੇ ਤੁਹਾਨੂੰ ਛੇਤੀ ਹੀ ਪਤਾ ਲੱਗ ਜਾਏਗਾ ।

[ ਹਾਪਕਿਨਸਨ ਜਾਂਦਾ ਹੈ । ਦਲਜੀਤ ਸਿੰਘ ਵੀ ਇਕ ਪਲ ਪਿਛੋਂ ਅੰਦਰ ਚਲਾ ਜਾਂਦਾ ਹੈ । ਗੁਰਦਿੱਤ ਸਿੰਘ ਇਕ ਪਲ ਟਹਿਲਦਾ ਹੈ ਤੇ ਕੁਰਸੀ 'ਤੇ ਬੈਠ ਜਾਂਦਾ ਹੈ ।

ਰੌਸ਼ਨੀ ਮੱਧਮ ਹੁੰਦੀ ਹੈ ।

ਪਰਦੇ ਪਿਛੋਂ ਔਰਤ ਦਾ ਪਰਛਾਵਾਂ ਦਿੱਸਦਾ ਹੈ । ]

ਔਰਤ :

ਅੱਧੀ ਰਾਤ ਹੋ ਗਈ, ਭੁੱਖ ਨਾਲ ਕਾਲਜਾ ਪੁੱਠਾ ਹੋਈ ਜਾਂਦੈ । ਉਤੋਂ ਆ ਕੇ ਰੋਅਬ ਪਾ ਜਾਂਦੇ ਐ । ਅਖੇ ਇਥੋਂ ਛੇਤੀ ਕਿਉਂ ਨਹੀਂ ਨਿਕਲਦੇ। ਛੇਤੀ ਕਿਉਂ ਨਹੀਂ ਤੁਰਦੇ ? ਸਾਡਾ ਕੋਈ ਹਾਲ ਐ ! ਇਹਨਾਂ ਨੂੰ ਪੁੱਛੋ ਜੇ ਕੋਈ ਥੋਡੇ ਭੁੱਖੇ-ਭਾਣੇ ਬੱਚਿਆਂ ਨੂੰ ਜਹਾਜ਼ 'ਤੇ ਲੱਦ ਕੇ ਸਮੁੰਦਰ ਵਿਚ ਧੱਕਾ ਦੇ ਦੇਵੇ, ਤੁਹਾਡਾ ਕਾਲਜਾ ਤੜਫੂ ਕਿ ਨਾ ? ਜੀਅ ਡੁੱਬੂ ਕਿ ਨਾ ? ਜ਼ੁਲਮ ਦੀ ਵੀ ਕੋਈ ਹੱਦ ਹੁੰਦੀ ਹੈ । ਜਲਾਦ ਵੀ ਤਸੀਹੇ ਦੇਣ ਲੱਗੇ ਕੰਬਦੇ ਐ । ਹੈਂ ! ਇਹ ਤਾਂ ਅਸੀਂ ਐਵੇਂ ਸਬਰ ਕਰੀ ਬੈਠੇ ਐਂ । ਤੁਹਾਡੀਆਂ ਜੁੱਤੀਆਂ ਖਾਈ ਜਾਨੇ ਐਂ ! ਪਰ ਸਬਰ ਦੀ ਵੀ ਤਾਂ ਕੋਈ ਹੱਦ ਹੁੰਦੀ ਹੈ । ਕਿੰਨਾ ਕੁ ਚਿਰ ਸਹੀ ਜਾਵਾਂਗੇ ? ਮੈਂ ਤਾਂ ਕਹਿੰਦੀ ਆਂ ਇੱਟ ਦਾ ਜੁਆਬ ਪੱਥਰ ਨਾਲ ਦਿਓ । ਲੱਤਾਂ ਦੇ ਭੂਤ ਗੱਲੀਂ-ਬਾਤੀਂ ਮੰਨਦੇ ਐ ਕਦੇ ? ਅੱਗੇ ਥੋੜ੍ਹੀਆਂ ਮਿੰਨਤਾਂ ਕਰ ਕਰਕੇ ਵੇਖ-ਲੀਆਂ ? ਜੇ ਇਹਨਾਂ ਦਾ ਤਰਸ ਵਾਲਾ ਖਾਨਾ ਹੋਵੇ ਤਾਂ ਈ ਫ਼ੇਦੈ ਨਾ ਕੋਈ ਤਰਲੇ ਕਰਨ ਦਾ ! ਕਹਿ ਦਿਓ — ਅਸੀਂ ਨਿਰੇ ਮਿੰਨਤਾਂ ਕਰਨ ਵਾਲੇ ਨਹੀਂ । ਸਾਡੇ ਵਿਚ ਹਿੰਮਤ ਵੀ ਹੈ । ਜੋਸ਼ ਵੀ ਹੈ । ਕਹਿ ਦਿਓ ਇਨ੍ਹਾਂ ਨੂੰ — ਅਸੀਂ ਆਈ 'ਤੇ ਆ'ਗੇ ਤਾਂ ਮਰ ਮਿੱਟ ਜਾਵਾਂਗੇ, ਅੱਗ ਮਚਾ ਦੇਵਾਂਗੇ । ਉੱਚੀ ਬੋਲ ਕੇ ਸੁਣਾ ਦਿਓ, ਸਾਡੇ 'ਚੋਂ ਗੁਲਾਮ ਮਰ ਮਿੱਟ ਚੁੱਕਾ ਹੈ । ਹਾਂ — ਜੇ ਹੁਣ, ਰੋਅਬ ਪਾਉਣ

ਆਏ ਤਾਂ ਸਮੁੰਦਰ 'ਚ ਧੱਕਾ ਦੇ ਦਿਓ। ਬੂਥੇ ਭੰਨ ਦਿਓ ਇਨ੍ਹਾਂ ਕੁੱਤਿਆਂ ਦੇ — ਹਾਂ।

●

[ ਔਰਤ ਬੋਲਦੀ ਬੋਲਦੀ ਅੰਦਰ ਚਲੀ ਜਾਂਦੀ ਹੈ।
ਰੌਸ਼ਨੀ ਫੇਰ ਹੁੰਦੀ ਹੈ।
ਦਲਜੀਤ ਸਿੰਘ ਕਾਹਲੀ ਕਾਹਲੀ ਪ੍ਰਵੇਸ਼ ਕਰਦਾ ਹੈ। ]

ਦਲਜੀਤ ਸਿੰਘ :
ਇਹ ਤਾਂ ਉਹੀ ਗੱਲ ਹੋਈ।

ਗੁਰਦਿੱਤ ਸਿੰਘ :
ਕੀ ?

ਦਲਜੀਤ ਸਿੰਘ :
ਪੁਲੀਸ ਵਾਲੇ ਵੱਡੀ ਬੋਟ 'ਤੇ ਆਏ ਐ ਆਪਣੇ 'ਤੇ ਹਮਲਾ ਕਰਨ। ਬਹੁਤ ਸਾਰੇ ਲੱਗਦੇ ਐ ਗਿਣਤੀ 'ਚ।

ਗੁਰਦਿੱਤ ਸਿੰਘ :
ਹੈਂ ? ਕਿਸ ਤਰ੍ਹਾਂ ਪਤਾ ਲੱਗਾ ?

ਦਲਜੀਤ ਸਿੰਘ :
ਉਹਨਾਂ ਨੇ ਤਾਂ ਬੋਟ ਜਹਾਜ਼ ਦੇ ਨਾਲ ਲਾ ਲਈ ਹੈ, ਤੇ ਉਪਰ ਜਹਾਜ਼ 'ਤੇ ਰੱਸਾ ਵੀ ਬੰਨ੍ਹ ਲਿਆ ਹੈ ਉਤਾਂਹ ਆਉਣ ਲਈ।

ਗੁਰਦਿਤ ਸਿੰਘ :
ਫਿਰ ਤਾਂ ਉਹ ਆ ਕੇ ਕੈਪਟਨ ਤੋਂ ਜਹਾਜ਼ ਚਲਵਾ ਦੇਣਗੇ।

[ ਗੁਰਦਿੱਤ ਸਿੰਘ ਤੇ ਦਲਜੀਤ ਸਿੰਘ ਦੋਵੇਂ ਤਣਾਓ ਦੀ ਹਾਲਤ ਵਿਚ ਇਕ ਪਲ ਇਧਰ ਉਧਰ ਵੇਖਦੇ ਹਨ। ਘੁੰਮਦੇ ਹਨ। ]

ਦਲਜੀਤ ਸਿੰਘ :
ਹੁਣ ਕੀ ਕਰੀਏ ? ਮੁਸਾਫ਼ਰ ਤਾਂ ਬਹੁਤ ਭੜਕੇ ਹੋਏ ਹਨ।



ਗੁਰਦਿੱਤ ਸਿੰਘ :
ਉਹਨਾਂ ਨੂੰ ਇਕ ਮਿੰਟ ਲਈ ਸ਼ਾਂਤ ਰੱਖਣ ਦੀ ਕੋਸ਼ਿਸ਼ ਕਰੋ।

ਦਲਜੀਤ ਸਿੰਘ :
ਸ਼ਾਂਤ ? ਉਹ ਤਾਂ ਚਾਕੂ ਲੈ ਕੇ ਰੱਸਾ ਵੱਢੀ ਜਾਂਦੇ ਨੇ।

ਗੁਰਦਿੱਤ ਸਿੰਘ :
ਹੈਂ !

●

[ ਰੌਸ਼ਨੀ ਫਿਰ ਮੱਧਮ ਹੁੰਦੀ ਹੈ।
ਦਲਜੀਤ ਸਿੰਘ ਜਾਂਦਾ ਹੈ। ਪਿਛੋਕੜ ਵਿਚੋਂ ਰੱਸਾ ਕੱਟਣ ਦੀ ਆਵਾਜ਼ ਆਉਂਦੀ ਹੈ। ਰੱਸਾ ਟੁੱਟਦਾ ਹੈ। ਰੌਲਾ ਪੈਂਦਾ ਹੈ। ਹੋਰ ਸ਼ੋਰ ਹੁੰਦਾ ਹੈ। ਗੋਲੀ ਚੱਲਣ ਦੀ ਆਵਾਜ਼ ਆਉਂਦੀ ਹੈ। ਰੌਸ਼ਨੀ ਗੁਰਦਿੱਤ ਸਿੰਘ 'ਤੇ ਪੈਂਦੀ ਹੈ। ਦਲਜੀਤ ਸਿੰਘ ਤੇਜ਼ੀ ਨਾਲ ਆਉਂਦਾ ਹੈ। ]

ਦਲਜੀਤ ਸਿੰਘ :
ਹੁਣ ਕੀ ਕਰੀਏ ? ਪੁਲੀਸ ਵਾਲੇ ਗੋਲੀਆਂ ਚਲਾਉਣ ਲਗ ਪਏ ਨੇ। ਫੇਰ ਉਤੇ ਆਉਣ ਦੀ ਕੋਸ਼ਿਸ਼ ਕਰ ਰਹੇ ਹਨ । ਮੇਰਾ ਖ਼ਿਆਲ ਐ ਉਹ ਤੁਹਾਨੂੰ ਜ਼ਬਰਦਸਤੀ ਫੜਨਾ ਚਾਹੁੰਦੇ ਨੇ। ਤੁਸੀਂ ਉਪਰ ਨਾ ਆਇਓ।

[ ਗੁਰਦਿੱਤ ਸਿੰਘ ਗੁੱਸੇ ਵਿਚ ਇਧਰ ਉਧਰ ਘੁੰਮਦਾ ਹੈ। ]

ਗੁਰਦਿੱਤ ਸਿੰਘ :
ਮੈਨੂੰ ਫੜਨਾ ਚਾਹੁੰਦੇ ਨੇ ?

ਦਲਜੀਤ ਸਿੰਘ :
ਹਾਂ ! ਪਰ ਲੋਕ ਬੜੇ ਜੋਸ਼ ਵਿਚ ਆ ਗਏ ਹਨ। ਕਹਿੰਦੇ ਨੇ, ਅਸੀਂ ਕਿਸੇ ਦੇ ਰੋਕੇ ਨਹੀਂ ਰੁਕਣਾ ।

ਗੁਰਦਿੱਤ ਸਿੰਘ :

ਕਿਸੇ ਦੇ ਗੋਲੀ ਤਾਂ ਨਹੀਂ ਲੱਗੀ ?

ਦਲਜੀਤ ਸਿੰਘ :

ਨਹੀਂ । ਥੱਲਿਓਂ ਜਹਾਜ਼ ਉਤੇ ਗੋਲੀ ਲੱਗਣੀ ਮੁਸ਼ਕਿਲ ਹੈ ।

ਗੁਰਦਿੱਤ ਸਿੰਘ :

ਅੱਛਾ ਚਲੋ ! ਕੋਲੇ ਚੁੱਕ ਲੋ, ਟੁੱਟੀਆਂ ਭੱਜੀਆਂ ਲੱਕੜਾਂ ਚੁੱਕ ਲੋ, ਲੋਹਾ ਚੁੱਕ ਲੋ — ਜੋ ਕੁੱਝ ਹੱਥ ਵਿਚ ਆਉਂਦੈ ਚੁੱਕ ਲੋ । ਬੋਟ 'ਤੇ ਹਮਲਾ ਕਰੋ । ਟੁੱਟ ਪਓ । ਮੈਂ ਕਿਸੇ ਨੂੰ ਨਹੀਂ ਰੋਕ ਸਕਦਾ । ਮੈਂ ਹੁਣ ਕਿਸੇ ਨੂੰ ਰੋਕਣਾ ਵੀ ਨਹੀਂ...

[ ਪਿਛੋਕੜ ਵਿਚ ਪਾਣੀ ਵਿਚ ਚੀਜ਼ਾਂ ਡਿੱਗਣ ਦੀ ਆਵਾਜ਼ ਆਉਂਦੀ ਹੈ । ਗੋਲੀਆਂ ਦੇ ਫ਼ਾਇਰ ਹੁੰਦੇ ਹਨ । ਆਵਾਜ਼ਾਂ ਆਉਂਦੀਆਂ ਹਨ । ਸ਼ੋਰ ਹੁੰਦਾ ਹੈ । ਕੁਝ ਦੇਰ ਇਹ ਸੀਨ ਰੁੱਕ ਰੁੱਕ ਕੇ ਚਲਦਾ ਰਹਿੰਦਾ ਹੈ । ]



[ ਰੌਸ਼ਨੀ ਇਮੀਗ੍ਰੇਸ਼ਨ 'ਤੇ ਪੈਂਦੀ ਹੈ । ਹਾਪਕਿਨਸਨ ਕਾਹਲੀ ਕਾਹਲੀ ਦਾਖ਼ਲ ਹੁੰਦਾ ਹੈ । ਤੇ ਬੇਚੈਨੀ ਨਾਲ ਇਧਰ ਉਧਰ ਘੁੰਮਦਾ ਹੈ । ਜੀਨ ਉਹਦੇ ਵਲ ਉਤਸੁਕ ਹੋਈ ਤੱਕਦੀ ਹੈ । ]

ਜੀਨ :

ਕੀ ਗੱਲ ਐ, ਬਿੱਲ ? ਕੋਈ ਗੜਬੜ ਹੈ ?

ਹਾਪਕਿਨਸਨ :

ਮਾਮਲਾ ਬਹੁਤ ਗੰਭੀਰ ਹੋ ਗਿਆ ਐ । ਬੇਲਾ ਸਿੰਘ ਅਜੇ ਇਥੇ ਪਹੁੰਚਿਐ ਕਿ ਨਹੀਂ ?

ਜੀਨ :

ਨਹੀਂ । ਪਰ ਹੁਣ ਕੀ ਨਵੀਂ ਸਮਸਿਆ ਆ ਪਈ ?

ਹਾਪਕਿਨਸਨ :

ਤੂੰ ਕਾਮਾਗਾਟਾ ਮਾਰੂ ਬਾਰੇ ਕੁਝ ਨਹੀਂ ਸੁਣਿਆਂ — ਰਾਤ ਜੋ ਕੁਝ ਹੋਇਐ ।

ਜੀਨ :

ਨਹੀਂ, ਮੈਂ ਅਜੇ ਤੱਕ ਅਖ਼ਬਾਰ ਨਹੀਂ ਪੜ੍ਹਿਆ । ਕਿਉਂ ਕੀ ਹੋਇਆ ?

ਹਾਪਕਿਨਸਨ :

ਰਾਤ ਅਸੀਂ ਪੁਲੀਸ ਦੀ ਮਦਦ ਨਾਲ ਕਾਮਾਗਾਟਾ ਮਾਰੂ ਨੂੰ ਤੋਰਨ ਦੀ ਕੋਸ਼ਿਸ਼ ਕੀਤੀ ਸੀ ।

ਜੀਨ :

ਮਤਲਬ ਏ, ਹਮਲਾ ਕੀਤਾ ਸੀ ?

ਹਾਪਕਿਨਸਨ :

ਕੁਝ ਇਸੇ ਤਰ੍ਹਾਂ ਈ ਸਮਝ ਲੈ । ਜਹਾਜ਼ 'ਤੇ ਚੜ੍ਹ ਕੇ ਗੁਰਦਿੱਤ ਸਿੰਘ ਨੂੰ ਗ੍ਰਿਫ਼ਤਾਰ ਕਰਨ ਦੀ ਸਕੀਮ ਸੀ । ਫੇਰ ਕਾਮਾਗਾਟਾ ਮਾਰੂ ਦੀ ਸਮਸਿਆ ਹੱਲ ਹੋ ਜਾਣੀ ਸੀ ।

ਜੀਨ :

ਫਿਰ ਕਰ ਲਿਆ ਗ੍ਰਿਫ਼ਤਾਰ ਕਿ ਨਹੀਂ ?

ਹਾਪਕਿਨਸਨ :

ਗ੍ਰਿਫ਼ਤਾਰ ? ਅਸੀਂ ਉਥੋਂ ਬੱਚ ਕੇ ਮਸਾਂ ਨਿਕਲੇ ।

ਜੀਨ :

ਕਿਉਂ ?

ਹਾਪਕਿਨਸਨ :

ਹਿੰਦੂਆਂ ਨੇ ਪੱਥਰ ਦੇ ਕੋਲਿਆਂ ਨਾਲ, ਲੱਕੜ, ਲੋਹੇ ਦੇ ਟੋਟਿਆਂ ਨਾਲ ਸਾਡੀ ਬੋਟ 'ਤੇ ਅਜਿਹਾ ਹਮਲਾ ਕੀਤਾ ਕਿ ਸਾਰਿਆਂ ਦੇ ਹੋਸ਼ ਉੱਡ ਗਏ । ਕਿਸੇ ਨੇ ਇਸ ਗੱਲ ਦਾ ਉੱਕਾ ਅੰਦਾਜ਼ਾ ਨਹੀਂ ਸੀ ਲਾਇਆ ।

[ ਜੀਨ ਦਾ ਖਿੜਖਿੜਾ ਕੇ ਹਾਸਾ ਨਿਕਲ ਜਾਂਦਾ ਹੈ । ]

ਹਾਪਕਿਨਸਨ :

ਤੂੰ ਮੂਰਖਾਂ ਵਾਂਗ ਹੱਸ ਰਹੀ ਹੈਂ । ਮੁਆਮਲਾ ਬਹੁਤ ਗੰਭੀਰ ਹੋ ਚੁੱਕਿਐ ।

ਜੀਨ :

ਅੱਗੋਂ ਬੋਟ ਤੋਂ ਪੁਲੀਸ ਵਾਲਿਆਂ ਨੇ ਕੁਝ ਨਾ ਕੀਤਾ ?

ਹਾਪਕਿਨਸਨ :

ਗੋਲੀਆਂ ਚਲਾਈਆਂ ਪਰ ਹਿੰਦੂਆਂ ਨੇ ਉੱਕਾ ਪਰਵਾਹ ਨਾ ਕੀਤੀ । ਲਗਾਤਾਰ ਕੋਲੇ ਦਾ ਮੀਂਹ ਵਰ੍ਹਾਈ ਗਏ ।

[ ਜੀਨ ਫਿਰ ਹੱਸਦੀ ਹੈ, ਤੇ ਹਾਪਕਿਨਸਨ ਨੂੰ ਸੰਬੋਧਨ ਕਰਦੀ ਹੈ । ]

ਜੀਨ :

ਤੁਹਾਨੂੰ ਪਤਾ ਤਾਂ ਸੀ ਉਹ ਸਾਰੇ ਫ਼ੌਜੀ ਰਹਿ ਚੁੱਕੇ ਐ । ਕੋਈ ਨੁਕਸਾਨ ਵੀ ਹੋਇਐ ?

ਹਾਪਕਿਨਸਨ :

ਸ਼ੀਸ਼ੇ ਟੁੱਟ ਗਏ । ਪੁਲੀਸ ਕਪਤਾਨ ਦੇ ਨੱਕ 'ਤੇ ਸੱਟ ਵੱਜੀ । ਇਕ ਪੁਲੀਸ ਵਾਲੇ ਦਾ ਕੰਨ ਜ਼ਖ਼ਮੀ ਹੋ ਗਿਆ । ਮਿਸਟਰ ਸਟੀਵਨਜ਼ ਦੇ ਵੀ ਸੱਟ ਲੱਗੀ । ਵੀਹ ਦੇ ਕਰੀਬ ਬੰਦੇ ਜ਼ਖ਼ਮੀ ਹੋਏ । ਤੈਨੂੰ ਹਾਸਾ ਆ



ਰਿਹੈ ।

ਜੀਨ :

(ਗੰਭੀਰ ਹੁੰਦੀ ਹੋਈ) ਅੱਛਾ ! ਇਸ ਤਰ੍ਹਾਂ ਦੀ ਲੜਾਈ ਹੋ ਪਈ ?

ਹਾਪਕਿਨਸਨ :

ਹਾਂ । ਪੂਰਾ ਲੜਾਈ ਦਾ ਦ੍ਰਿਸ਼ ਸੀ । ਜਿੱਤ ਹਿੰਦੂਆਂ ਦੀ ਹੋਈ — ਹਿੰਦੂਆਂ ਦੀ (ਦੰਦ ਕਰੀਚਦਾ ਹੈ) ।

ਜੀਨ :

ਹਿੰਦੂ ਵਿਚਾਰਿਆਂ ਦੀ ਕਾਹਦੀ ਜਿੱਤ ਹੈ ! ਅੱਜ ਨਹੀਂ ਤਾਂ ਕੱਲ੍ਹ ਨੂੰ ਉਹਨਾਂ ਨੂੰ ਇਥੋਂ ਕੱਢ ਦਿੱਤਾ ਜਾਏਗਾ ।

ਹਾਪਕਿਨਸਨ :

ਤੂੰ ਉਹਨਾਂ ਨੂੰ ਵਿਚਾਰੇ ਦੱਸਦੀ ਐਂ । ਮਿਸਟਰ ਰ੍ਹੀਡ ਨੂੰ ਤਾਂ ਪੁੱਛ ਕੇ ਵੇਖ ।

ਜੀਨ :

ਕਿਉਂ ਬਹੁਤ ਰੋਹ ਵਿਚ ਐ ਮਿਸਟਰ ਰ੍ਹੀਡ ?

ਹਾਪਕਿਨਸਨ :

ਰਾਤ ਦੇ ਹਾਦਸੇ ਪਿਛੋਂ ਕਿਸੇ ਨੂੰ ਨੀਂਦ ਨਹੀਂ ਆਈ । ਬਹੁਤ ਬੇਇਜ਼ਤੀ ਹੋਈ ਏ ਸਾਡੀ ।

ਜੀਨ :

ਜਦੋਂ ਖ਼ਬਰ ਛਪੀ, ਦੁਨੀਆਂ ਅੱਡ ਹੱਸੇਗੀ ।

ਹਾਪਕਿਨਸਨ :

ਪਰ ਇਸਦਾ ਹਿੰਦੂਆਂ ਨੂੰ ਫਲ ਭੁਗਤਣਾ ਪਏਗਾ ।

ਜੀਨ :

ਹੋਰ ਕੀ ਫਲ ਭੁਗਤਣਾ ਪਏਗਾ ?

ਹਾਪਕਿਨਸਨ :

ਮਿਸਟਰ ਰ੍ਹੀਡ ਨੇ ਸਭ ਪ੍ਰਬੰਧ ਕਰ ਲਿਆ ਹੈ । ਜੰਗੀ ਬੋਟ ਰੇਨਬੋ ਕਾਮਾਗਾਟਾ ਮਾਰੂ ਕੋਲ ਜਾ ਚੁੱਕੀ ਹੈ । ਪੁਲੀਸ ਤੋਂ ਬਿਨਾਂ ਮਿਲਟਰੀ ਨੂੰ ਵੀ ਸੁਚੇਤ ਕਰ ਦਿੱਤਾ ਗਿਆ ਹੈ ।

ਜੀਨ :

ਜੰਗੀ ਬੋਟ, ਕਾਮਾਗਾਟਾ ਮਾਰੂ ਦੁਆਲੇ ?

ਹਾਪਕਿਨਸਨ :

ਹਾਂ । ਉਸ ਦੀਆਂ ਵੱਡੀਆਂ ਤੋਪਾਂ ਦਾ ਮੂੰਹ ਹੁਣ ਸਿੱਧਾ ਕਾਮਾਗਾਟਾ ਮਾਰੂ 'ਤੇ ਹੈ ।

ਜੀਨ :

ਮੈਨੂੰ ਤੇ ਇਸ ਗੱਲ 'ਤੇ ਯਕੀਨ ਨਹੀਂ ਆਉਂਦਾ ।

ਹਾਪਕਿਨਸਨ :

ਤੂੰ ਨਾ ਯਕੀਨ ਕਰ । ਪਰ ਅੱਜ ਰਾਤ ਨੂੰ ਕਾਮਾਗਾਟਾ ਮਾਰੂ ਦੇ ਤੂੰਬੇ ਉਡ ਜਾਣਗੇ । ਹਿੰਦੂਆਂ ਨੂੰ ਸਾਡੇ ਵਿਰੁਧ ਬਗਾਵਤ ਕਰਨ ਦਾ, ਸਾਡੀ ਬੇਇਜ਼ਤੀ ਕਰਨ ਦਾ ਫਲ ਮਿਲੇਗਾ ।

ਜੀਨ :

ਨਹੀਂ — ਨਹੀਂ । ਇਸ ਤਰ੍ਹਾਂ ਨਹੀ ਹੋ ਸਕਦਾ । ਇਹ ਬਹੁਤ ਅਨਿਆਂ ਹੋਵੇਗਾ । ਜ਼ੁਲਮ ਹੋਵੇਗਾ । ਉਸ ਵਿਚਲੇ ਨਿਰਦੋਸ਼ ਬੱਚਿਆਂ, ਬੁੱਢਿਆਂ, ਔਰਤਾਂ ਦਾ ਕੀ ਕਸੂਰ ਐ ? ਉਹ ਸਾਰੇ ਈ ਬੇਕਸੂਰ ਨੇ ।

ਹਾਪਕਿਨਸਨ :

ਬੱਚੇ, ਬੁੱਢੇ, ਔਰਤਾਂ ਵੀ ਬਾਕੀਆਂ ਨਾਲ ਈ ਜਾਣਗੇ । ਜਿੰਨੇ ਬਚੇ, ਉਹਨਾਂ ਸਭ ਨੂੰ ਕਿਸੇ ਹੋਰ ਜਹਾਜ਼ 'ਤੇ ਲੱਦ ਕੇ ਹਾਂਗਕਾਂਗ ਨੂੰ ਤੋਰ ਦਿੱਤਾ ਜਾਵੇਗਾ ।

ਜੀਨ :

ਬਿੱਲ, ਕੀ ਤੂੰ ਇਸ ਨਾਲ ਸੱਚ ਮੁੱਚ ਮਨੋਂ ਸਹਿਮਤ ਹੈਂ ? ਮੈਨੂੰ ਯਕੀਨ ਨਹੀਂ ਆਉਂਦਾ । ਉਹ ਵੀ ਤਾਂ ਆਪਣੇ ਵਰਗੇ ਈ ਇਨਸਾਨ ਨੇ ।

ਹਾਪਕਿਨਸਨ :

ਉਹ ਹਿੰਦੂ ਨੇ । ਘਟੀਆ ਦਰਜੇ ਦੇ ਇਨਸਾਨ ।

ਜੀਨ :

ਤੇਰੀ ਮਾਂ ਵੀ ਤਾਂ ਹਿੰਦੂ ਈ ਸੀ ।

ਹਾਪਕਿਨਸਨ :

ਓ, ਯੂ ਸ਼ੱਟ-ਅੱਪ । ਇਹ ਸਭ ਬਕਵਾਸ ਐ । ਮੈਨੂੰ ਆਪਣੀ ਮਾਂ ਬਾਰੇ ਕੁਝ ਨਹੀਂ ਪਤਾ ।

ਜੀਨ :

ਤੇ ਪਿਓ ਬਾਰੇ ?

ਹਾਪਕਿਨਸਨ :

ਮੇਰਾ ਬਾਪ ਮਿਸਟਰ ਹਾਪਕਿਨਸਨ ਇੰਗਲਿਸ਼ ਸੀ । ਤੈਨੂੰ ਏਨਾ ਵੀ ਨਹੀਂ ਪਤਾ ਲੱਗਦਾ ਮੇਰੇ ਨਾਂ ਤੋਂ ?

ਜੀਨ :

ਤੇਰੀ ਮਾਂ ਪੰਜਾਬੀ ਸੀ । ਤੂੰ ਇਸ ਗੱਲ ਨੂੰ ਦੁਨੀਆਂ ਤੋਂ ਕਿਵੇਂ ਛੁਪਾ ਕੇ



ਰਖੇਂਗਾ ।

ਹਾਪਕਿਨਸਨ :

ਫਿਰ ਉਹੀ ਨਾਨਸੈਂਸ । ਤੈਨੂੰ ਕਿਹਾ, ਮੈਂ ਆਪਣੀ ਮਾਂ ਬਾਰੇ ਕੁਝ ਨਹੀਂ ਜਾਣਦਾ ।

ਜੀਨ :

ਜੇ ਮੈਂ ਪੱਕਾ ਸਬੂਤ ਦੇ ਦਿਆਂ, ਫੇਰ ?

ਹਾਪਕਿਨਸਨ :

ਚਲ ਇਵੇਂ ਸਹੀ । ਮੇਰੀ ਮਾਂ ਹਿੰਦੂ ਸੀ, ਇਸੇ ਲਈ ਮੈਨੂੰ ਹਿੰਦੂਆਂ ਨਾਲ ਨਫ਼ਰਤ ਹੈ ।

ਜੀਨ :

ਆਪਣੀ ਮਾਂ ਦੀ ਜ਼ਾਤ ਨਾਲ ?

ਹਾਪਕਿਨਸਨ :

ਹਾਂ । ਆਪਣੀ ਮਾਂ ਦੀ ਜ਼ਾਤ ਨਾਲ ਮੈਨੂੰ ਨਫ਼ਰਤ ਹੈ । ਔਰਤ ਨਾਲ ਨਫ਼ਰਤ ਹੈ । ਤੇ ਮੈਂ ਤੈਨੂੰ ਵੀ ਨਫ਼ਰਤ ਕਰਦਾਂ ।

ਜੀਨ :

(ਨਫ਼ਰਤ ਨਾਲ) ਮੇਰੀ ਜਾਣਦੀ ਏ ਜੁੱਤੀ ।

ਹਾਪਕਿਨਸਨ :

ਮੈਂ ਤੇਰੇ ਵਰਗੀ ਮੂਰਖ ਔਰਤ ਨਾਲ ਹੋਰ ਸਮਾਂ ਬਰਬਾਦ ਨਹੀਂ ਕਰ ਸਕਦਾ । ਮੈਨੂੰ ਕੋਈ ਕੰਮ ਦੀ ਗੱਲ ਸੋਚਣ ਦੇ ।

[ ਜੀਨ ਚਿਹਰੇ 'ਤੇ ਹਾਪਕਿਨਸਨ ਪ੍ਰਤੀ ਗ਼ੁੱਸੇ ਤੇ ਨਫ਼ਰਤ ਦਾ ਪ੍ਰਭਾਵ ਦਿੰਦੀ ਹੈ ਤੇ ਚੁੱਪ ਕਰਕੇ ਕਾਗ਼ਜ਼ ਫੋਲਣ ਲੱਗ ਪੈਂਦੀ ਹੈ ।
ਹਾਪਕਿਨਸਨ ਕੁਝ ਦੇਰ ਬੋਲੀਦਾ ਜਾਂਦਾ ਹੈ । ]

ਹਾਪਕਿਨਸਨ :

(ਕੁਝ ਦੇਰ ਰੁਕ ਕੇ ਫਿਰ ਬੋਲਦਾ ਹੋਇਆ) ਤੈਨੂੰ ਪਤੈ, ਜੇ ਤੂੰ ਮਿਸਟਰ ਰੀਡ ਦੇ ਅੰਡਰ ਕੰਮ ਕਰਦੀ ਹੁੰਦੀ ਤਾਂ ਹੁਣ ਨੂੰ ਉਹ ਤੈਨੂੰ ਕਦੋਂ ਦਾ ਕੱਢ ਦਿੰਦਾ । ਮੈਨੂੰ ਪਤੈ, ਤੂੰ ਲੇਖਕਾ ਏਂ ਤੇ ਲੇਖਕਾਂ ਦੇ ਖ਼ਿਆਲ ਅਕਸਰ ਪੁੱਠੇ ਈ ਹੁੰਦੇ ਨੇ । ਪਰ ਤੇਰੇ ਖ਼ਿਆਲ ਤਾਂ ਬਹੁਤ ਹੀ ਸਰਕਾਰ ਵਿਰੋਧੀ ਨੇ ।

(ਫਿਰ ਕੁਝ ਰੁਕ ਕੇ) ਮੈਂ ਤੇਰੇ ਖ਼ਿਆਲਾਂ ਬਾਰੇ ਮਿਸਟਰ ਰ੍ਹੀਡ ਕੋਲ ਕਦੇ ਗੱਲ ਨਹੀਂ ਕੀਤੀ। ਫਿਰ ਵੀ ਉਹਨੂੰ ਪਤੈ। ਉਹ ਤੇਰੇ ਬੌਸ ਕੋਲ ਸ਼ਕਾਇਤ ਵੀ ਕਰ ਸਕਦੈ। ਓ. ਕੇ. ?

[ ਫ਼ੋਨ ਆਉਂਦਾ ਹੈ। ਜੀਨ ਹੈਲੋ ਕਹਿੰਦੀ ਹੈ, ਸੁਣਦੀ ਹੈ ਤੇ ਬਿਨਾਂ ਕੁਝ ਬੋਲੇ ਹਾਪਕਿਨਸਨ ਨੂੰ ਫੜਾ ਦਿੰਦੀ ਹੈ। ]

ਹਾਪਕਿਨਸਨ :

ਓ! ਬੇਲਾ ਸਿੰਘ! ਕਿਥੋਂ ਬੋਲ ਰਿਹੈਂ ? ਮੈਂ ਤੇਰੀ ਇਥੇ ਉਡੀਕ ਕਰ ਰਿਹਾ ਹਾਂ। ਹਾਂ... ਹਾਂ... ਯੈੱਸ! ਠੀਕ ਏ। ਫਿਰ ਤੂੰ ਇਸ ਤਰ੍ਹਾਂ ਕਰ, ਛੇਤੀ ਤੋਂ ਛੇਤੀ ਗੁਰਦੁਆਰੇ ਪਹੁੰਚ ਜਾ। ਉਥੋਂ ਸੱਭ ਖ਼ਬਰ ਲੈ ਕੇ ਮੇਰੇ ਕੋਲ ਪਹੁੰਚੀਂ। ਇਹ ਬਹੁਤ ਜ਼ਰੂਰੀ ਏ। ਉਥੋਂ ਖ਼ਬਰ ਆਉਣ 'ਤੇ ਹੀ ਅਸੀਂ ਅਗਲਾ ਕਦਮ ਪੁਟਾਂਗੇ। ਠੀਕ ? ਬਾਇ — ਬਾਇ।

[ ਹਾਪਕਿਨਸਨ ਫ਼ੋਨ ਰੱਖਦਾ ਹੈ ਤੇ ਜੀਨ ਨੂੰ 'ਬਾਇ' ਕਹਿ ਕੇ ਚਲਾ ਜਾਂਦਾ ਹੈ। ਜੀਨ ਉਸ ਦਾ ਕੋਈ ਜਵਾਬ ਨਹੀਂ ਦਿੰਦੀ। ]



[ ਰੌਸ਼ਨੀ ਗੁਰਦੁਆਰੇ 'ਤੇ ਪੈਂਦੀ ਹੈ।
ਹਸਨ ਰਹੀਮ ਕਾਹਲੀ ਕਾਹਲੀ ਘੁੰਮ ਰਿਹਾ ਹੈ। ਮੇਵਾ ਸਿੰਘ ਪ੍ਰਵੇਸ਼ ਕਰਦਾ ਹੈ। ]

ਮੇਵਾ ਸਿੰਘ :

ਹੋਰ ਕੋਈ ਖ਼ਬਰ ਮਿਲੀ ਰਾਤ ਦੇ ਹਾਦਸੇ ਬਾਰੇ ?

ਹਸਨ ਰਹੀਮ :

ਬਰਡ ਦਾ ਅੰਦਾਜ਼ਾ ਏ ਅੱਜ ਰਾਤ ਨੂੰ ਕਾਮਾਗਾਟਾ ਮਾਰੂ 'ਤੇ ਗੋਲਾਬਾਰੀ ਜ਼ਰੂਰ ਹੋਵੇਗੀ। ਰ੍ਹੀਡ ਤੇ ਸਟੀਵਨਜ਼ ਬਹੁਤ ਘੁਮੰਡੀ ਤੇ ਹੋਛੇ ਨੇ।

ਮੇਵਾ ਸਿੰਘ :

ਉਹਨਾਂ ਨੂੰ ਇਹ ਖ਼ਿਆਲ ਨਹੀਂ ਕਿ ਦੁਨੀਆਂ 'ਤੇ ਇਸ ਦਾ ਕੀ ਅਸਰ ਪਵੇਗਾ।

ਹਸਨ ਰਹੀਮ :

ਇਸ ਸਮੇਂ ਉਹਨਾਂ ਨੂੰ ਦੁਨੀਆਂ ਦਾ ਕੋਈ ਖ਼ਿਆਲ ਨਹੀਂ। ਉਹ ਤਾਂ ਹਿੰਦੂਆਂ ਹੱਥੋਂ ਹੋਈ ਬੇਇਜ਼ਤੀ ਦਾ ਬਦਲਾ ਲੈਣ 'ਤੇ ਤੁਲੇ ਹੋਏ ਨੇ। ਹਿੰਦੂਆਂ ਨੂੰ ਸਬਕ ਸਿਖਾਉਣਾ ਚਾਹੁੰਦੇ ਨੇ।

ਮੇਵਾ ਸਿੰਘ :

ਫਿਰ ਮੁਸਾਫ਼ਰਾਂ ਨੂੰ ਰਾਸ਼ਨ ਦੇਣ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ।

ਹਸਨ ਰਹੀਮ :

ਰਾਸ਼ਨ ਦੀ ਗੱਲ ਤਾਂ ਬਹੁਤ ਦੂਰ ਦੀ ਰਹਿ'ਗੀ। ਹੁਣ ਤਾਂ ਮੁਸਾਫ਼ਰਾਂ ਦੀਆਂ ਜਾਨਾਂ ਦਾ ਖ਼ਤਰਾ ਏ।

ਮੇਵਾ ਸਿੰਘ :

ਪਰ ਅਸੀਂ ਵੀ ਇਸ ਜ਼ੁਲਮ ਨੂੰ ਚੁਪਚਾਪ ਬਰਦਾਸ਼ਤ ਨਹੀਂ ਕਰ ਸਕਦੇ। ਆਪਣੇ ਲੋਕ ਬਹੁਤ ਭੜਕ ਗਏ ਨੇ।

ਹਸਨ ਰਹੀਮ :

ਕਿਸ ਤਰ੍ਹਾਂ ? ਕੋਈ ਫ਼ੈਸਲਾ ਹੋਇਐ ?

ਮੇਵਾ ਸਿੰਘ :

ਫ਼ੈਸਲਾ ਕਾਹਦਾ ਹੋਣੈ, ਹਸਨ ਜੀ। ਬਹੁਤੇ ਲੋਕ ਤਾਂ ਕਹਿੰਦੇ ਨੇ ਕਿ ਜੇ ਮੁਸਾਫ਼ਰਾਂ ਨੂੰ ਬਿਨਾਂ ਰਾਸ਼ਨ ਤੋਰ ਦਿੱਤਾ ਤਾਂ ਸਾਰੇ ਵੈਨਕੂਵਰ ਨੂੰ ਅੱਗ ਲਾ ਕੇ ਸਾੜ ਦੇਣਾ ਏਂ।

ਹਸਨ ਰਹੀਮ :

ਨਹੀਂ, ਇਸ ਤਰ੍ਹਾਂ ਨਹੀਂ ਹੋਣਾ ਚਾਹੀਦਾ। ਇਸ ਤਰ੍ਹਾਂ ਤਾਂ ਬਹੁਤ ਤਬਾਹੀ ਮੱਚ ਜਾਵੇਗੀ।

ਮੇਵਾ ਸਿਘ :

ਫਿਰ ਇਹਨਾਂ ਦਾ ਦਿਮਾਗ ਟਿਕਾਣੇ ਲਿਆਉਣ ਦਾ ਹੋਰ ਕੋਈ ਹੈ ਤਰੀਕਾ ? ਹੈ ਕੋਈ ਚਾਰਾ ?

ਹਸਨ ਰਹੀਮ :

ਅੱਗ ਲਾਉਣ ਨਾਲ ਬਹੁਤ ਬੇਕਸੂਰੇ ਲੋਕਾਂ ਦਾ ਨੁਕਸਾਨ ਹੋਵੇਗਾ। ਅਸੀਂ ਇਹ ਹਰਗਿਜ਼ ਨਹੀ ਕਰ ਸਕਦੇ।

ਮੇਵਾ ਸਿਘ :

ਅੱਗ ਲਾਉਣ ਦੇ ਹੱਕ ਵਿਚ ਤਾਂ ਮੈਂ ਵੀ ਨਹੀਂ। ਪਰ ਜ਼ੁਲਮ ਸਹਿਣ ਦੀ ਵੀ ਹੱਦ ਹੁੰਦੀ ਏ। ਲੋਕ ਬਹੁਤ ਭੜਕੇ ਹੋਏ ਨੇ। ਮੀਟਿੰਗ ਵਿਚ ਤਾਂ ਇਹ ਫ਼ੈਸਲਾ ਪਾਸ ਵੀ ਹੋ ਗਿਆ ਏ।

ਹਸਨ ਰਹੀਮ :

ਨਹੀਂ, ਨਹੀਂ। ਅਸੀਂ ਇਸ ਤਰ੍ਹਾਂ ਨਹੀਂ ਕਰ ਸਕਦੇ। ਜੇ ਭਾਗ ਸਿੰਘ ਮੀਟਿੰਗ ਵਿਚ ਹੁੰਦੇ ਤਾਂ ਇਹ ਫ਼ੈਸਲਾ ਕਦੇ ਨਾ ਹੋਣ ਦਿੰਦੇ।

ਮੇਵਾ ਸਿਘ :

ਚਲੋ ਆਪਾਂ ਅੰਦਰ ਚੱਲੀਏ। ਤੁਹਾਡੇ ਕਹਿਣ 'ਤੇ ਸ਼ਾਇਦ ਲੋਕ ਇਰਾਦਾ ਬਦਲ ਲੈਣ।

[ ਹਸਨ ਰਹੀਮ ਤੇ ਮੇਵਾ ਸਿੰਘ ਅੰਦਰ ਜਾਂਦੇ ਹਨ।
ਨੀਲੀ ਰੌਸ਼ਨੀ ਗੁਰਦੁਆਰੇ ਦੇ ਬੂਹੇ 'ਤੇ ਪੈਂਦੀ ਹੈ।
ਇਕ ਪੋਚਵੀਂ ਪੱਗ ਵਾਲਾ ਨੌਜਵਾਨ ਹੌਲੀ ਦੇਣੇ ਇਕ ਪਾਸਿਉਂ ਨਿਕਲ ਕੇ ਖਿਸਕਦਾ ਹੈ ਤੇ ਦੂਜੇ



ਬੂਹੇ ਰਾਹੀਂ ਇਮੀਗ੍ਰੇਸ਼ਨ ਵਾਲੇ ਪਾਸੇ ਜਾਂਦਾ ਹੈ।
ਅੰਦਰੋਂ ਆਵਾਜ਼ਾਂ ਸੁਣਾਈ ਦਿੰਦੀਆਂ ਹਨ। ]

ਆਵਾਜ਼ 1 :

ਮੈਂ ਤਾਂ ਕਹਿਨਾਂ, ਕੋਰਟ ਤੋਂ ਸ਼ੁਰੂ ਕਰ ਲੌ ਤੇ ਜੋ ਕੁਝ ਅੱਗੇ ਆਉਂਦਾ ਹੈ ਫੂਕੀ ਜਾਓ। ਲਾਟਾਂ ਕੱਢ ਦਿਓ।

ਆਵਾਜ਼ 2 :

ਕੋਰਟ ਤੋਂ ਕਿਉਂ ? ਸਭ ਤੋਂ ਪਹਿਲਾਂ ਇਮੀਗ੍ਰੇਸ਼ਨ ਦੇ ਦਫ਼ਤਰ ਨੂੰ ਚੱਲੋ। ਉਥੇ ਲਾਂਬੂ ਲਾਓ। ਫੇਰ ਵੇਖੀ ਜਾਊ ਜਿਵੇਂ ਹੋਊ।

ਆਵਾਜ਼ 3 :

ਮੈਂ ਕਹਿਨਾਂ, ਪਹਿਲਾਂ ਬੇਲੇ ਤੇ ਹਾਪਕਿਨਸਨ ਨੂੰ ਲਿਆਓ ਚੁੱਕ ਕੇ, ਨਾਲੇ ਲਿਆਓ ਰੀਡ ਨੂੰ। ਉਹਨਾਂ ਨੂੰ ਸਾੜੋ ਤੇਲ ਪਾ ਪਾ ਕੇ, ਮੇਰਿਆਂ ਸਾਲ਼ਿਆਂ ਨੂੰ।

ਆਵਾਜ਼ 4 :

ਓਇ, ਇਉਂ ਨਹੀਂ...

[ ਰੌਸ਼ਨੀ ਇਮੀਗ੍ਰੇਸ਼ਨ 'ਤੇ ਪੈਂਦੀ ਹੈ। ਸਟੇਜ 'ਤੇ ਖ਼ਾਮੋਸ਼ੀ ਹੈ। ਤਣਾਓ ਵਾਲਾ ਸੰਗੀਤ ਹੈ। ਇੱਕਲਾ ਹਾਪਕਿਨਸਨ ਬੇਚੈਨੀ ਦੀ ਹਾਲਤ ਵਿਚ ਸਟੇਜ 'ਤੇ ਘੁੰਮ ਰਿਹਾ ਹੈ। ਟੈਲੀਫ਼ੋਨ ਚੁੱਕਦਾ ਹੈ। ਫਿਰ ਹੌਲੀ ਦੇਣੇ ਰੱਖ ਦਿੰਦਾ ਹੈ ਤੇ ਘੁੰਮਣ ਫਿਰਨ ਲੱਗਦਾ ਹੈ।

ਰੌਸ਼ਨੀ ਕਾਮਾਗਾਟਾ ਮਾਰੂ 'ਤੇ ਪੈਂਦੀ ਹੈ। ਥਾਂ ਖ਼ਾਲੀ ਹੈ। ਸੁੰਨਾ ਜਿਹਾ... ਜਹਾਜ਼ ਦੀ ਆਵਾਜ਼ ਵਰਗਾ ਪਹਿਲਾਂ ਵਾਲਾ ਸੰਗੀਤ ਉਭਰਦਾ ਹੈ ਤੇ ਉਚਾ ਹੁੰਦਾ ਹੈ। ਸੰਗੀਤ ਹੌਲੀ ਹੌਲੀ ਮੱਧਮ ਹੁੰਦਾ ਹੈ। ਪਿਛੋਕੜ 'ਚੋਂ ਆਵਾਜ਼ਾਂ ਉਭਰਦੀਆਂ ਹਨ। ਇਕ ਸਪਸ਼ਟ ਆਵਾਜ਼ ਕਾਮਾਗਾਟਾ ਮਾਰੂ ਵਾਲੀ ਔਰਤ ਦੀ ਵੀ ਹੈ। ]

ਔਰਤ ਦੀ ਆਵਾਜ਼ :

ਕੋਈ ਗੱਲ ਨਹੀਂ, ਅਸੀਂ ਭੁੱਲਾਂਗੇ ਨਹੀਂ, ਜੋ ਇੱਥੇ ਸਾਡੇ ਨਾਲ ਬੀਤੀ ਹੈ। ਜਿਵੇਂ ਸਾਨੂੰ ਇੱਥੇ ਦੁਰਕਾਰਿਆ ਹੈ। ਭੁੱਲਾਂਗੇ ਨਹੀਂ, ਤੁਸੀਂ ਵੀ ਯਾਦ ਰੱਖਿਓ। ਇਤਿਹਾਸ ਯਾਦ ਰੱਖੇਗਾ। ਅਸੀਂ ਭੁੱਲਾਂਗੇ ਨਹੀਂ।

[ ਫਿਰ ਪਿਛੋਂ ਹੋਰ ਆਵਾਜ਼ਾਂ, ਰਲਵੀਆਂ ਪਰ ਸਪਸ਼ਟ, ਉਭਰਦੀਆਂ ਹਨ। ]

ਰਲਵੀਆਂ ਆਵਾਜ਼ਾਂ :

"ਅਸੀਂ ਭੁੱਲਾਂਗੇ ਨਹੀਂ... ਅਸੀਂ ਭੁੱਲਾਂਗੇ ਨਹੀਂ... ।"

[ ਆਵਾਜ਼ਾਂ ਉਚੀਆਂ ਹੁੰਦੀਆਂ ਜਾਂਦੀਆਂ ਹਨ।



[ ਰੌਸ਼ਨੀ ਅਚਾਨਕ ਹਾਪਕਿਨਸਨ 'ਤੇ ਪੈਂਦੀ ਹੈ। ਪਿਛੋਕੜ ਵਿਚ ਆਵਾਜ਼ਾਂ ਉਸੇ ਤਰ੍ਹਾਂ ਹਨ। ਹਾਪਕਿਨਸਨ ਘਬਰਾ ਕੇ ਕੰਨਾਂ 'ਤੇ ਹੱਥ ਧਰ ਲੈਂਦਾ ਹੈ। ਆਵਾਜ਼ਾਂ ਬੰਦ ਹੁੰਦੀਆਂ ਹਨ। ਖ਼ਾਮੋਸ਼ੀ ਛਾ ਜਾਂਦੀ ਹੈ। ]

ਹਾਪਕਿਨਸਨ :

ਕਾਮਾਗਾਟਾ ਮਾਰੂ ਚਲਾ ਗਿਆ, ਪਰ ਉਸ ਦਾ ਭੂਤ ਅਜੇ ਵੀ ਇੱਥੇ ਮੌਜੂਦ ਹੈ। ਵੈਨਕੂਵਰ ਦੀਆਂ ਗਲੀਆਂ ਵਿਚ। ਵੈਨਕੂਵਰ ਦੇ ਸਮੁੰਦਰ ਵਿਚ। ਕਾਮਾਗਾਟਾ ਮਾਰੂ ਚਲਾ ਗਿਆ। ਹੁਣ ਕਾਮਾਗਾਟਾ ਮਾਰੂ ਦੇ ਭੂਤ ਨਾਲ ਟੱਕਰ ਲੈਣੀ ਪਵੇਗੀ।

[ ਫ਼ੋਨ ਖੜਕਦਾ ਹੈ। ਹਾਪਕਿਨਸਨ ਉਸ ਨੂੰ ਚੁੱਕਦਾ ਹੈ। ]

ਹਾਪਕਿਨਸਨ :

ਹੈਲੋ — ਹਾਪਕਿਨਸਨ ਸਪੀਕਿੰਗ... ਓ ਯੈੱਸ, ਮਿਸਟਰ ਰੀਡ... ਮੈਂ ਇਥੇ ਹੀ ਹਾਂ। ਤੁਸੀਂ ਆ ਜਾਵੋ। ਕਾਮਾਗਾਟਾ ਮਾਰੂ ਤਾਂ ਚਲਾ ਗਿਆ ਪਰ ਜਿੱਤ ਹਿੰਦੂਆਂ ਦੀ ਹੋਈ ਹੈ। ਉਹਨਾਂ ਨੇ ਸਾਡੀ ਬੇਇਜ਼ਤੀ ਕੀਤੀ ਹੈ। ਬਗ਼ਾਵਤ ਕੀਤੀ, ਸਾਡੇ 'ਤੇ ਹਮਲਾ ਕੀਤਾ। ਇਸ ਦੇ ਬਾਵਜੂਦ ਅਸੀਂ ਉਹਨਾਂ ਦੀਆਂ ਮੰਗਾਂ ਮੰਨ ਲਈਆਂ। ਉਹਨਾਂ ਨੂੰ ਸਾਰੇ ਰਾਹ ਦੀ ਰਸਦ ਦਿੱਤੀ। ਲੋਕਲ ਹਿੰਦੂਆਂ ਨੂੰ ਜਹਾਜ਼ 'ਤੇ ਜਾਣ ਦੀ ਇਜਾਜ਼ਤ ਦਿੱਤੀ। ਜੋ ਕੁਝ ਉਹ ਚਾਹੁੰਦੇ ਸੀ, ਉਹੀ ਕੀਤਾ। ਉਹਨਾਂ ਦੀ ਜਿੱਤ ਹੋਈ ਹੈ... ਮਜਬੂਰ ਹੋ ਕੇ... ?... ਨਹੀਂ। ਨਹੀਂ, ਉਹ ਤਾਂ ਭੁਲੇਖਾ ਸੀ... ਬੇਲਾ ਸਿੰਘ ਨੇ ਮੈਨੂੰ ਪਿੱਛੋਂ ਦੱਸਿਆ। ਵੈਨਕੂਵਰ ਨੂੰ ਅੱਗ ਲਾ ਕੇ ਸਾੜਨ ਦੀ ਐਵੇਂ ਧਮਕੀ ਸੀ, ਸਾਡੇ ਤੋਂ ਮੰਗਾਂ ਮਨਵਾਉਣ ਲਈ।

... ... ... ...

ਹਾਂ, ਹਾਂ, ਲੋਕਲ ਹਿੰਦੂਆਂ ਕਰਕੇ ਹੀ ਆਪਣੀ ਬੇਇਜ਼ਤੀ ਹੋਈ, ਤੇ ਨੁਕਸਾਨ ਹੋਇਐ। ਇਹਨਾਂ ਨੇ ਹੀ ਅੱਗ ਲਾਉਣ ਦੀ ਧਮਕੀ ਦਿੱਤੀ।

... ... ... ...

ਹੁਣ ਵੀ ਇਹ ਕਾਮਾਗਾਟਾ ਮਾਰੂ ਦਾ ਬਹੁਤ ਜ਼ੋਰ ਸ਼ੋਰ ਨਾਲ ਪ੍ਰਾਪੇਗੰਡਾ ਕਰਨਗੇ। ਹਿੰਦੂਆਂ ਨੂੰ ਸਾਡੇ ਵਿਰੁੱਧ ਭੜਕਾਉਣਗੇ।

... ... ... ...

ਤੁਸੀਂ ਹਾਂਗਕਾਂਗ ਦੇ ਗਵਰਨਰ ਨੂੰ ਲਿਖੋ, ਉਥੇ ਹਿੰਦੂਆਂ ਨੂੰ ਉਤਰਣ ਦੀ ਇਜਾਜ਼ਤ ਨਾ ਦਿੱਤੀ ਜਾਵੇ। ਤੇ ਇੰਡੀਅਨ ਗਵਰਨਮੈਂਟ ਵੀ ਪੂਰੀ ਸਖ਼ਤੀ ਨਾਲ ਪੇਸ਼ ਆਵੇ।

... ... ... ...

ਮੈਂ ਇਥੋਂ ਦੇ ਹਿੰਦੂਆਂ 'ਤੇ ਪੂਰੀ ਅੱਖ ਰੱਖਾਂਗਾ। ਕਾਮਾਗਾਟਾ ਮਾਰੂ ਚਲਾ ਗਿਆ ਪਰ ਉਸ ਦਾ ਭੂਤ ਲੋਕਲ ਹਿੰਦੂਆਂ ਵਿਚ ਆਇਆ ਹੋਇਆ ਹੈ...। ਓ. ਕੇ.... ਥੈਂਕ ਯੂ ਸਰ।

[ ਉਹ ਫ਼ੋਨ ਰਖਦਾ ਹੈ, ਤੇ ਫੇਰ ਇਧਰ ਉਧਰ ਘੁੰਮਦਾ ਹੈ।
ਕਾਮਾਗਾਟਾ ਮਾਰੂ ਵਾਲਾ ਸੰਗੀਤ ਉਭਰਦਾ ਹੈ। ]

[ ਰੌਸ਼ਨੀ ਕਾਮਾਗਾਟਾ ਮਾਰੂ ਵਾਲੇ ਥਾਂ ਪੈਂਦੀ ਹੈ।
ਮੰਚ ਦੇ ਪਿਛਵਾੜਿਉਂ ਰੋਹ ਭਰੀਆਂ ਆਵਾਜ਼ਾਂ ਉਭਰਦੀਆਂ ਹਨ ਤੇ ਉਚੀਆਂ ਹੁੰਦੀਆਂ ਹਨ। ]

ਆਵਾਜ਼ਾਂ :

ਨਹੀਂ ਭੁੱਲਾਂਗੇ... ਨਹੀਂ ਭੁੱਲਾਂਗੇ।

[ ਰੌਸ਼ਨੀ ਫਿਰ ਹਾਪਕਿਨਸਨ 'ਤੇ ਪੈਂਦੀ ਹੈ।
ਉਹ ਕੰਨਾਂ 'ਤੇ ਹੱਥ ਧਰਦਾ ਹੈ। ਆਵਾਜ਼ਾਂ ਬੰਦ ਹੋ ਜਾਂਦੀਆਂ ਹਨ। ]

ਹਾਪਕਿਨਸਨ :

ਆਖ਼ਰ ਕਿੰਨੀ ਦੇਰ ਆਉਂਦੀਆਂ ਰਹਿਣਗੀਆਂ ਇਹ ਮਨਹੂਸ ਆਵਾਜ਼ਾਂ ?

[ ਪਿਛੋਕੜ ਪਿਛੋਂ ਇਕ ਆਵਾਜ਼ ਆਉਂਦੀ ਹੈ। ]



ਆਵਾਜ਼ :

ਜਿੰਨਾ ਚਿਰ ਹਿੰਦੂ ਲੀਡਰ ਜਿਊਂਦੇ ਹਨ, ਇਹ ਆਵਾਜ਼ਾਂ ਆਉਂਦੀਆਂ ਰਹਿਣਗੀਆਂ। ਖ਼ਤਮ ਕਰਦੇ ਇਹਨਾਂ ਆਵਾਜ਼ਾਂ ਨੂੰ 'ਹਾਪਕਿਨਸਨ, ਖ਼ਤਮ ਕਰ ਦੇ।

ਹਾਪਕਿਨਸਨ :

ਜੇ ਖ਼ਤਮ ਨਾ ਹੋਈਆਂ, ਫੇਰ !

ਆਵਾਜ਼ :

ਫੇਰ ਤੂੰ ਖ਼ਤਮ ਹੋ ਜਾਵੇਂਗਾ।

ਹਾਪਕਿਨਸਨ :

ਤਾਂ ਇਹਨਾਂ ਆਵਾਜ਼ਾਂ ਨੂੰ ਖ਼ਤਮ ਕਰਨਾ ਈ ਪਵੇਗਾ। ਹਿੰਦੂ ਲੀਡਰ ਮੇਰੇ ਪੱਕੇ ਦੁਸ਼ਮਾਣ ਬਣ ਗਏ ਨੇ। ਭਾਗ ਸਿੰਘ, ਹਸਨ ਰਹੀਮ, ਸੋਹਣ ਲਾਲ, ਮੇਵਾ ਸਿੰਘ, ਬਲਵੰਤ ਸਿੰਘ — ਸਭ ਮੇਰੇ ਪਿੱਛੇ ਪਏ ਹੋਏ ਨੇ। ਅੰਗਰੇਜ਼ੀ ਹਕੂਮਤ ਦੇ ਪਿੱਛੇ। ਉਹ ਕਾਮਾਗਾਟਾ ਮਾਰੂ ਦੇ ਭੂਤ ਨੂੰ ਕਾਇਮ ਰੱਖਣਾ ਚਾਹੁੰਦੇ ਹਨ ਤਾਂ ਜੋ ਅਸੀਂ ਚੈਨ ਨਾਲ ਸੌਂ ਨਾ ਸਕੀਏ। ਉਹ ਇਹਨਾਂ ਆਵਾਜ਼ਾਂ ਰਾਹੀਂ ਮੈਨੂੰ ਡਰਾਉਣਾ ਚਾਹੁੰਦੇ ਨੇ। ਮੈਂ ਇਹਨਾਂ ਆਵਾਜ਼ਾਂ ਨੂੰ ਖ਼ਤਮ ਕਰ ਦੇਵਾਂਗਾ। ਸਦਾ ਲਈ ਬੰਦ ਕਰ ਦੇਵਾਂਗਾ। ਸਦਾ ਲਈ।
(ਪਹਿਲਾਂ ਉਚੀ ਉਚੀ ਬੋਲਦਾ ਹੈ — ਫਿਰ ਹੌਲੀ) ਹਾਂ, ਸਦਾ ਲਈ, ਸਦਾ... ਲਈ... ਖ਼ਤਮ।
(ਫੇਰ ਇਕਦਮ ਫ਼ੋਨ ਵੱਲ ਨੂੰ ਜਾਂਦਾ ਹੈ ਤੇ ਫ਼ੋਨ ਚੁੱਕ ਕੇ ਉਚੀ ਬੋਲਦਾ ਹੈ)... ਬੇਲਾ ਸਿੰਘ !

[ ਰੌਸ਼ਨੀ ਗੁਰਦੁਆਰੇ 'ਤੇ ਪੈਂਦੀ ਹੈ।
ਅੰਦਰੋਂ ਸੰਗੀਤ ਦੀ ਆਵਾਜ਼ ਆਉਂਦੀ ਹੈ ਤੇ ਮੱਧਮ ਹੁੰਦੀ ਹੈ। ਬਾਹਰ ਮੇਵਾ ਸਿੰਘ ਤੇ ਭਾਗ ਸਿੰਘ ਗੱਲਾਂ ਕਰਦੇ ਦਿੱਸਦੇ ਹਨ। ]

ਭਾਗ ਸਿੰਘ :

ਕਾਮਾਗਾਟਾ ਮਾਰੂ ਤਾਂ ਹੁਣ ਯੋਕੋਹਾਮਾ ਪਹੁੰਚ ਗਿਆ ਹੋਵੇਗਾ।

ਮੇਵਾ ਸਿੰਘ :

ਹੋ ਸਕਦੈ, ਭਾਗ ਸਿੰਘ ਜੀ, ਅੰਗਰੇਜ਼ ਉਥੇ ਵੀ ਉਹਨਾਂ ਲਈ ਮੁਸ਼ਕਲਾਂ ਖੜੀਆਂ ਕਰ ਦੇਣ।

ਭਾਗ ਸਿਘ :

ਜ਼ਰੂਰ ਕਰਨਗੇ। ਕਾਮਾਗਾਟਾ ਮਾਰੂ ਦੀ ਕਹਾਣੀ ਤਾਂ ਹੁਣ ਸਾਰੀ ਦੁਨੀਆਂ ਨੂੰ ਪਤਾ ਲੱਗ ਚੁੱਕੀ ਹੈ। ਇਸ ਨਾਲ ਅੰਗਰੇਜ਼ ਸਾਮਰਾਜ ਹਰ ਥਾਂ ਨਸ਼ਰ ਹੋਵੇਗਾ।

ਮੇਵਾ ਸਿੰਘ :

ਜਹਾਜ਼ ਦੇ ਮੁਸਾਫ਼ਰਾਂ ਵਿਚ ਰੋਹ ਦੀ ਅੱਗ ਭੜਕ ਚੁੱਕੀ ਸੀ। ਉਹ ਵੀ ਜਾ ਕੇ ਹੁਣ ਅਮਨ-ਚੈਨ ਨਾਲ ਘਰੀਂ ਨਹੀਂ ਬੈਠਣ ਲੱਗੇ।

ਭਾਗ ਸਿੰਘ :

ਨਾ ਹੀ ਉਹਨਾਂ ਨੂੰ ਬੈਠਣਾ ਚਾਹੀਦੈ। ਇੱਥੇ ਅੱਗੇ ਥੋੜ੍ਹੀ ਬੇਇਜ਼ਤੀ ਹੋਈ ਏ?

ਮੇਵਾ ਸਿੰਘ :

ਬੇਇੱਜ਼ਤੀ ਇੱਕਲੇ ਕਾਮਗਾਟਾ ਮਾਰੂ ਦੇ ਮੁਸਾਫ਼ਰਾਂ ਦੀ ਨਹੀਂ, ਸਾਰੀ ਹਿੰਦੁਸਤਾਨੀ ਕੌਮ ਦੀ ਹੋਈ ਹੈ।

ਭਾਗ ਸਿੰਘ :

ਤੇ ਸਾਨੂੰ ਇਹ ਬੇਇੱਜ਼ਤੀ ਚੁੱਪਚਾਪ ਨਹੀਂ ਸਹਿ ਲੈਣੀ ਚਾਹੀਦੀ।



ਮੇਵਾ ਸਿੰਘ :

ਅਮਰੀਕਾ ਵਿਚ ਗ਼ਦਰੀਆਂ ਨੇ ਹਿੰਦੁਸਤਾਨ ਜਾ ਕੇ ਗ਼ਦਰ ਕਰਨ ਦਾ ਹੋਕਾ ਦਿੱਤਾ ਹੈ। ਦੇਸ਼ ਨੂੰ ਅੰਗਰੇਜ਼ਾਂ ਦੇ ਜੂਲੇ ਹੇਠੋਂ ਕੱਢਣ ਲਈ।

ਭਾਗ ਸਿੰਘ :

ਮੈਂ ਉਹਨਾਂ ਨਾਲ ਪੂਰਾ ਸਹਿਮਤ ਹਾਂ। ਜਿੰਨਾ ਚਿਰ ਗ਼ੁਲਾਮੀ ਦੀ ਲਾਹਨਤ ਸਾਡੇ ਸਿਰੋਂ ਨਹੀਂ ਲਹਿੰਦੀ, ਦੇਸ਼ ਵਿਚ ਲੋਕ ਰਾਜ ਸਥਾਪਤ ਨਹੀਂ ਹੁੰਦਾ, ਸਾਨੂੰ ਕਿਸੇ ਇਨਸਾਫ਼ ਦੀ ਉਮੀਦ ਨਹੀਂ ਰੱਖਣੀ ਚਾਹੀਦੀ। ਅਸੀਂ ਨੀਵੀਂ ਪਾ ਕੇ ਤੁਰਾਂਗੇ। ਸਾਡੇ ਬੱਚੇ ਬੇਸ਼ਰਮੀ ਦਾ ਜੀਵਨ ਜਿਊਣਗੇ। ਸਾਡੀ ਥਾਂ ਥਾਂ ਬੇਇੱਜ਼ਤੀ ਹੋਵੇਗੀ।

ਮੇਵਾ ਸਿੰਘ :

ਮੈਨੂੰ ਤਾਂ ਇਹ ਵੀ ਪਤਾ ਲੱਗਿਐ, ਕਿ ਗ਼ਦਰ ਪਾਰਟੀ ਦੇ ਪ੍ਰਧਾਨ ਸੋਹਣ ਸਿੰਘ ਹੋਰੀਂ ਕਾਮਾਗਾਟਾ ਮਾਰੂ ਦੇ ਮੁਸਾਫ਼ਰਾਂ ਨੂੰ ਯੋਕੋਹਾਮਾ ਮਿਲਣ ਗਏ ਨੇ — ਹਥਿਆਰ ਲੈ ਕੇ।

ਭਾਗ ਸਿੰਘ :

ਇਹ ਖ਼ਬਰ ਠੀਕ ਹੈ। ਪਰ ਹੈ ਇਹ ਬਹੁਤ ਭੇਦ ਵਾਲੀ। ਸੋਹਣ ਸਿੰਘ ਹੋਰੀਂ ਚਾਹੁੰਦੇ ਹਨ ਕਿ ਕਾਮਾਗਾਟਾ ਮਾਰੂ ਦੇ ਮੁਸਾਫ਼ਰ ਗ਼ਦਰ ਵਿਚ ਹਿੱਸਾ ਪਾਉਣ।

[ ਹਸਨ ਰਹੀਮ ਦਾਖ਼ਲ ਹੁੰਦਾ ਹੈ। ]

ਹਸਨ ਰਹੀਮ :

(ਆਉਂਦਿਆਂ ਹੀ) ਨਵੀਂ ਖ਼ਬਰ ਸੁਣੀ ਏਂ? ਅੰਗਰੇਜ਼ਾਂ ਤੇ ਜਰਮਨਾਂ ਵਿਚਾਲੇ ਜੰਗ ਸ਼ੁਰੂ ਹੋ ਗਈ ਏ।

ਭਾਗ ਸਿੰਘ :

ਅੱਛਾ! ਫਿਰ ਤਾਂ ਬਹੁਤ ਵੱਡੇ ਪੈਮਾਨੇ 'ਤੇ ਘਮਸਾਨ ਮੱਚੇਗਾ।

ਮੇਵਾ ਸਿੰਘ :

ਹਿੰਦੁਸਤਾਨ ਵੀ ਲਪੇਟ ਵਿਚ ਆ ਜਾਵੇਗਾ।

ਭਾਗ ਸਿੰਘ :

ਹਿੰਦੁਸਤਾਨ ਦੀਆਂ ਫ਼ੌਜਾਂ ਨੂੰ ਤਾਂ ਅੰਗਰੇਜ਼ ਜੰਗ ਵਿਚ ਪੂਰੀ ਤਰ੍ਹਾਂ ਵਰਤੇਗਾ।

ਹਸਨ ਰਹੀਮ :

ਹਿੰਦੁਸਤਾਨੀਆਂ ਨੂੰ ਅੰਗਰੇਜ਼ਾਂ ਦੀ ਡੱਟ ਕੇ ਵਿਰੋਧਤਾ ਕਰਨੀ ਚਾਹੀਦੀ ਹੈ। ਸਾਨੂੰ ਇਹ ਕੁੱਤਿਆਂ ਬਰਾਬਰ ਸਮਝਦੇ ਨੇ। ਪਰ ਸਾਡੇ ਜੁਆਨ ਉਹਨਾਂ ਪਿੱਛੇ ਜਾਨਾਂ ਦਿੰਦੇ ਨੇ।

ਭਾਗ ਸਿੰਘ :

ਪਰ ਅਫ਼ਸੋਸ ਤਾਂ ਇਸ ਗੱਲ ਦਾ ਏ। ਸਾਡੀਆਂ ਫ਼ੌਜਾਂ ਅੰਗਰੇਜ਼ੀ ਸਾਮਰਾਜ ਦੀਆਂ ਪੂਰੀਆਂ ਵਫ਼ਾਦਾਰ ਨੇ। ਸਭ ਰਾਜੇ ਮਹਾਰਾਜੇ ਝੋਲੀ-ਚੁੱਕ ਨੇ।

ਮੇਵਾ ਸਿੰਘ :

ਆਪਾਂ ਨੂੰ ਕਾਮਾਗਾਟਾ ਮਾਰੂ ਦੀ ਕਹਾਣੀ ਵੱਧ ਤੋਂ ਵੱਧ ਫੈਲਾਉਣੀ ਚਾਹੀਦੀ ਹੈ।

ਭਾਗ ਸਿੰਘ :

ਹਿੰਦੁਸਤਾਨ ਪਹੁੰਚ ਕੇ ਕਾਮਾਗਾਟਾ ਮਾਰੂ ਦੇ ਮੁਸਾਫ਼ਰ ਜਿੱਥੇ ਜਾਣਗੇ, ਕਾਮਾਗਾਟਾ ਮਾਰੂ ਦੀ ਗੱਲ ਕਰਨਗੇ। ਹੋ ਸਕਦੈ ਹਿੰਦੁਸਤਾਨੀ ਫ਼ੌਜਾਂ 'ਤੇ ਵੀ ਇਸ ਦਾ ਅਸਰ ਹੋ ਜਾਵੇ।

ਹਸਨ ਰਹੀਮ :

ਮੈਨੂੰ ਤਾਂ ਜਾਪਦੈ ਅੰਗਰੇਜ਼ ਕਾਮਾਗਾਟਾ ਮਾਰੂ ਨੂੰ ਬਹੁਤ ਖੱਜਲ-ਖੁਆਰ ਕਰਨਗੇ। ਉਹਨਾਂ ਨੂੰ ਵੀ ਇਸਦੇ ਸਿੱਟਿਆ ਦਾ ਤਾਂ ਖ਼ਿਆਲ ਹੋਵੇਗਾ ਈ।

ਭਾਗ ਸਿੰਘ :

ਹਾਂ, ਕਾਮਾਗਾਟਾ ਮਾਰੂ ਦੇ ਰਾਹ ਵਿਚ ਔਕੜਾਂ ਤਾਂ ਬਹੁਤ ਪਾਉਣਗੇ। ਇਥੋਂ ਰੀਡ ਵਰਗਿਆਂ ਨੇ ਵੀ ਸਭ ਥਾਈਂ ਚਿੱਠੀਆਂ ਲਿਖ ਦਿੱਤੀਆਂ ਹੋਣਗੀਆਂ, ਕਾਮਾਗਾਟਾ ਮਾਰੂ ਦੇ ਪਹੁੰਚਣ ਤੋਂ ਪਹਿਲਾਂ।

ਹਸਨ ਰਹੀਮ :

ਅੱਛਾ, ਫਿਰ ਮੈਂ ਤਾਂ ਚਲਦਾਂ। ਅੱਧੇ ਘੰਟੇ ਤੱਕ ਮੀਟਿੰਗ ਵਿਚ ਪਹੁੰਚਣੈ।

[ ਉਹ ਦੋਹਾਂ ਨਾਲ ਹੱਥ ਮਿਲਾ ਕੇ ਉਹ ਜਾਂਦਾ ਹੈ। ]

ਮੇਵਾ ਸਿੰਘ :

ਹਾਪਕਿਨਸਨ ਤਾਂ ਇੱਥੇ ਵੀ ਆਪਣੇ ਮਗਰ ਹੱਥ ਧੋ ਕੇ ਪਿਆ ਹੋਇਐ। ਬੇਲਾ ਸਿੰਘ ਖ਼ਾਹ-ਮੁਖ਼ਾਹ ਲੋਕਾਂ ਨੂੰ ਧਮਕਾਉਂਦਾ ਫਿਰਦੈ। ਪਰਸੋਂ ਸੋਹਣ ਲਾਲ ਦਾ ਪਿੱਛਾ ਕੀਤਾ ਬੇਲੇ ਦੇ ਬੰਦਿਆਂ ਨੇ। ਉਹ ਮਸਾਂ ਭੱਜ ਕੇ ਬਚਿਆ।



ਭਾਗ ਸਿੰਘ :

ਅੱਛਾ ਇਹ ਤਾਂ ਬਹੁਤ ਗੰਭੀਰ ਗੱਲ ਹੈ। ਸਾਨੂੰ ਬਹੁਤ ਹੁਸ਼ਿਆਰੀ ਤੋਂ ਕੰਮ ਲੈਣਾ ਚਾਹੀਦੈ। ਸਾਨੂੰ ਵੀ ਬੇਲੇ ਤੇ ਹਾਪਕਿਨਸਨ 'ਤੇ ਪੂਰੀ ਅੱਖ ਰੱਖਣੀ ਚਾਹੀਦੀ ਹੈ।

ਮੇਵਾ ਸਿੰਘ :

ਭਾਗ ਸਿੰਘ ਜੀ, ਤੁਸੀਂ ਵੀ ਵੇਲੇ ਕੁਵੇਲੇ ਇੱਕਲੇ ਨਾ ਨਿਕਲਿਆ ਕਰੋ। ਮੈਨੂੰ ਜਾਪਦੈ, ਜਦੋਂ ਦਾ ਕਾਮਾਗਾਟਾ ਮਾਰੂ ਇਥੋਂ ਆ ਕੇ ਗਿਐ, ਹਾਪਕਿਨਸਨ ਤੁਹਾਡੇ ਨਾਲ ਬਹੁਤ ਖ਼ਾਰ ਖਾਂਦੈ।

ਭਾਗ ਸਿੰਘ :

ਸਾਨੂੰ ਸਾਰਿਆਂ ਨੂੰ ਈ ਗੁੰਡਾ-ਗਰਦੀ ਵਿਰੁੱਧ ਡਟਣਾ ਪਏਗਾ। ਚੱਲੋ ਹੁਣ ਆਪਾਂ ਗੁਰਦੁਆਰੇ ਅੰਦਰ ਚੱਲੀਏ। ਉਥੇ ਬਲਵੰਤ ਸਿੰਘ ਹੁਰਾਂ ਨਾਲ ਵੀ ਰਾਇ ਕਰਾਂਗੇ।

[ ਦੋਵੇਂ ਗੁਰਦੁਆਰੇ ਦੇ ਅੰਦਰ ਜਾਂਦੇ ਹਨ। ]

•

[ ਰੌਸ਼ਨੀ ਕਾਮਾਗਾਟਾ ਮਾਰੂ 'ਤੇ ਪੈਂਦੀ ਹੈ। ਸੰਗੀਤ ਉਭਰਦਾ ਹੈ ਤੇ ਨਾਲ ਹੀ ਉਥੋਂ ਕੁਝ ਆਵਾਜ਼ਾਂ ਵੀ ਉਭਰਦੀਆਂ ਹਨ। ]

ਆਵਾਜ਼ਾਂ :

ਨਹੀਂ ਭੁੱਲਾਂਗੇ... ਨਹੀਂ ਭੁੱਲਾਂਗੇ।

[ ਫਿਰ ਇਹ ਆਵਾਜ਼ਾਂ ਹੌਲੀ ਹੌਲੀ ਮੱਧਮ ਹੋ ਜਾਂਦੀਆਂ ਹਨ। ]

•

[ ਨੀਲੀ ਰੌਸ਼ਨੀ ਗੁਰਦੁਆਰੇ 'ਤੇ ਪੈਂਦੀ ਹੈ। ਪੋਚਵੀਂ ਪੱਗ ਵਾਲਾ ਨੌਜੁਆਨ ਗੁਰਦੁਆਰੇ ਵਲ

ਮੂੰਹ ਕਰੀ ਖੜ੍ਹਾ ਹੈ। ਦਰਸ਼ਕਾਂ ਵਲ ਪਿੱਠ ਹੈ। ਉਹ ਹੌਲੀ ਹੌਲੀ ਪੈਂਟ ਦੇ ਸੱਜੇ ਪਾਸੇ ਵੱਲੋਂ ਪਿਸਤੌਲ ਕੱਢਦਾ ਹੈ। ਉਸਨੂੰ ਆਪਣੇ ਅਗਲੇ ਪਾਸੇ ਲਿਜਾ ਕੇ ਵੇਖਦਾ ਹੈ ਤੇ ਫਿਰ ਸੱਜੀ ਜੇਬ 'ਚ ਪਾ ਲੈਂਦਾ ਹੈ। ਫਿਰ ਖੱਬੀ ਜੇਬ 'ਚੋਂ ਇਕ ਪਿਸਤੌਲ ਕੱਢਦਾ ਹੈ ਤੇ ਪਹਿਲਾਂ ਵਾਂਗ ਹੀ ਵੇਖਦਾ ਹੈ ਤੇ ਫੇਰ ਜੇਬ 'ਚ ਪਾ ਲੈਂਦਾ ਹੈ। ਫੇਰ ਉਹ ਹੌਲੀ ਹੌਲੀ ਦੋ-ਚਾਰ ਕਦਮ ਗੁਰਦੁਆਰੇ ਵਲ ਤੁਰਦਾ ਹੈ ਤੇ ਫਿਰ ਤੇਜ਼ੀ ਨਾਲ ਗੁਰਦੁਆਰੇ 'ਚ ਜਾ ਵੜਦਾ ਹੈ।
ਅੰਦਰੋਂ ਸੰਗੀਤ ਦੀ ਆਵਾਜ਼ ਉਭਰਦੀ ਹੈ। ਅੱਧਾ ਕੁ ਮਿੰਟ ਚਲਦੀ ਹੈ। ਫਿਰ ਇਕ ਗੋਲੀ ਚੱਲਣ ਦੀ ਆਵਾਜ਼ ਆਉਂਦੀ ਹੈ। ਸੰਨਾਟਾ ਛਾ ਜਾਂਦਾ ਹੈ। ਇਕ ਹੋਰ ਗੋਲੀ ਚਲਦੀ ਹੈ। ਰੌਲਾ ਉਭਰਦਾ ਹੈ। ਹਫੜਾ-ਦਫੜੀ ਪੈਣ ਦਾ ਰੌਲਾ । ਫੇਰ ਲਗਾਤਾਰ ਕਿੰਨੀਆਂ ਹੀ ਗੋਲੀਆਂ ਚਲਦੀਆਂ ਹਨ।
ਪੋਚਵੀਂ ਪੱਗ ਵਾਲਾ ਜੁਆਨ ਗੁਰਦੁਆਰੇ ਵਿਚੋਂ ਨਿਕਲਦਾ ਹੈ। ਉਹਦਾ ਚਿਹਰਾ ਸਾਫ਼ ਦਿਖਾਈ ਨਹੀਂ ਦਿੰਦਾ, ਉਹ ਕਾਹਲੀ ਨਾਲ ਸਟੇਜ ਦੇ ਪਿੱਛੇ ਚਲਾ ਜਾਂਦਾ ਹੈ।
ਫੇਰ ਰੌਲਾ ਪੈਂਦਾ ਹੈ। ਮੇਵਾ ਸਿੰਘ ਤੇ ਇਕ ਹੋਰ ਬੰਦਾ ਇਕ ਜ਼ਖਮੀ ਨੂੰ ਸੰਭਾਲਦੇ ਹੋਏ ਬਾਹਰ ਆਉਂਦੇ ਹਨ। ]

●

[ ਰੌਸ਼ਨੀ ਕਾਮਾਗਾਟਾ ਮਾਰੂ ਵਾਲੇ ਥਾਂ ਪੈਂਦੀ ਏ।
ਪਹਿਲਾਂ ਵਾਲਾ ਸੰਗੀਤ ਉਭਰਦਾ ਹੈ, ਤੇ ਕੁਝ ਸੈਕਿੰਡ ਚਲਦਾ ਹੈ। ]

●



[ ਰੌਸ਼ਨੀ ਇਮੀਗ੍ਰੇਸ਼ਨ 'ਤੇ ਪੈਂਦੀ ਹੈ।
ਹਾਪਕਿਨਸਨ ਫ਼ੋਨ 'ਤੇ ਗੱਲਾਂ ਕਰ ਰਿਹਾ ਹੈ। ਨਾਲੇ ਬੇਚੈਨੀ ਨਾਲ ਇਧਰ ਉਧਰ ਹਿੱਲ ਰਿਹਾ ਹੈ। ਘੁੰਮ ਫਿਰ ਰਿਹਾ ਹੈ। ]

ਹਾਪਕਿਨਸਨ :

ਹਾਂ, ਹਾਂ, ਗੁਰਦੁਆਰੇ ਜੋ ਕੁਝ ਹੋਇਆ ਸਭ ਠੀਕ ਹੋਇਆ — ਬਹੁਤ ਖ਼ੂਬ।

... ... ... ...
... ... ... ...

ਨਹੀਂ, ਚਿੰਤਾ ਵਾਲੀ ਕੋਈ ਗੱਲ ਨਹੀਂ। ਸਭ ਠੀਕ ਹੋ ਜਾਏਗਾ।

... ... ... ...
... ... ... ...

ਤੈਨੂੰ ਧਮਕਾਇਆ ਕਿਸੇ ਨੇ ?

... ... ... ...
... ... ... ...

ਨਹੀਂ। ਪਰ ਤੂੰ ਫ਼ਿਕਰ ਨਾ ਕਰ। ਹੁਣ ਸਾਰੇ ਦਬ ਜਾਣਗੇ।

... ... ... ...
... ... ... ...

ਕਾਮਾਗਾਟਾ ਮਾਰੂ ਤਾਂ ਹੁਣ ਇੰਡੀਆ ਪਹੁੰਚ ਗਿਆ ਹੋਵੇਗਾ। ਉਨ੍ਹਾਂ ਬਾਰੇ ਸਭ ਕੁਝ ਖੋਲ੍ਹ ਕੇ ਲਿਖ ਦਿੱਤਾ ਸੀ ਮਿਸਟਰ ਰੀਡ ਨੇ, ਇੰਡੀਆ ਗੌਰਮਿੰਟ ਨੂੰ।

... ... ... ...
... ... ... ...

ਓ. ਕੇ.। ਫੇਰ ਮਿਲਾਂਗੇ।

[ ਇੱਕਲਾ ਇਕ ਪਲ ਟਹਿਲਦਾ ਹੈ। ਫੇਰ ਹੱਸਦਾ ਹੈ। ਉਚੀ ਹੱਸਦਾ ਹੈ। ਫੇਰ ਹੋਰ ਉਚੀ ਉਚੀ

ਹੱਸਦਾ ਹੈ । ]

ਹੁਣ ਆਊ ਹਿੰਦੂਆਂ ਦੀ ਸੁਰਤ ਟਕਾਣੇ । ਹੁਣ ਆਊ ਕਾਮਾਗਾਟਾ ਮਾਰੂ ਦਾ ਭੂਤ ਕਾਬੂ । ਹਾ — ਹਾ — ਹਾ — ਹਾ ।

[ ਫੇਰ ਉਚੀ ਉਚੀ ਹੱਸਦਾ ਹੈ ।

●

[ ਰੌਸ਼ਨੀ ਸਟੇਜ ਉਤੇ ਮੱਧਮ ਹੁੰਦੀ ਹੈ ।
ਉਹਦੇ ਨਾਲ ਹੀ ਪਿਛਵਾੜਿਉਂ ਸੰਗੀਤ ਉਭਰਦਾ ਹੈ ਅਤੇ ਕੁਝ ਆਵਾਜ਼ਾਂ ਵੀ ਸੁਣਾਈ ਦੇਂਦੀਆਂ ਹਨ । ]

ਆਵਾਜ਼ਾਂ :

ਨਹੀਂ ਭੁੱਲਾਂਗੇ... ਨਹੀਂ ਭੁੱਲਾਂਗੇ ।

[ ਤੇ ਆਵਾਜ਼ਾਂ ਨਿੰਮੀਆਂ ਹੁੰਦੀਆਂ ਜਾਂਦੀਆਂ ਹਨ ਤੇ ਸੰਗੀਤ ਹੋਰ ਉਚੀ ਹੁੰਦਾ ਹੁੰਦਾ ਹੋਰ ਉਚੀ ਹੋ ਜਾਂਦਾ ਹੈ । ]

●

[ ਰੌਸ਼ਨੀ ਸਟੇਜ ਉਤੇ ਉਭਰਦੀ ਹੈ ।
ਹਾਪਕਿਨਸਨ ਕੰਨਾਂ 'ਤੇ ਹੱਥ ਧਰਦਾ ਹੈ । ਸੰਗੀਤ ਬੰਦ ਹੋ ਜਾਂਦਾ ਹੈ । ਹਾਪਕਿਨਸਨ ਫੇਰ ਉਚੀ ਉਚੀ ਹੱਸਦਾ ਹੈ । ]

ਹਾਪਕਿਨਸਨ :

ਬਾਸਟਰਡਜ਼ ! ਸਭ ਆਪੋ ਵਿਚ ਦੀ ਕਤਲ ਹੋਣਗੇ ।
ਮੂਰਖ ! ਸਭ ਫ਼ਾਸੀ ਚੜ੍ਹਨਗੇ ।

[ ਮੰਚ ਪਿੱਛੋਂ ਇਕ ਆਵਾਜ਼ ਸੁਣਾਈ ਦੇਂਦੀ ਹੈ । ]



ਆਵਾਜ਼ :

ਨਹੀਂ, ਅਜੇ ਨਹੀਂ । ਬੇਲਾ ਸਿੰਘ ਅਜੇ ਨਹੀਂ । ਅਜੇ ਉਸ ਤੋਂ ਹੋਰ ਕੰਮ ਲੈਣਾ ਹੈ । ਬੇਲਾ ਸਿੰਘ ਅਜੇ ਬਹੁਤ ਕੰਮ ਦਾ ਬੰਦਾ ਹੈ ।

ਹਾਪਕਿਨਸਨ :

ਹਾਂ ਅਜੇ ਨਹੀਂ । ਬੇਲਾ ਸਿੰਘ ਅਜੇ ਨਹੀਂ । ਬੇਲਾ ਸਿੰਘ ਜ਼ਰੂਰ ਇਸ ਕੇਸ ਵਿਚੋਂ ਬਰੀ ਹੋਣਾ ਚਾਹੀਦਾ ਏ ।

[ ਹਾਪਕਿਨਸਨ ਕਾਹਲੀ ਕਾਹਲੀ ਘੁੰਮਦਾ ਹੈ ਤੇ ਫ਼ੋਨ ਚੁੱਕ ਕੇ ਡਾਇਲ ਘੁਮਾਉਂਦਾ ਹੈ । ]

ਹੈਲੋ ਸਰ, ਹਾਂ ਮੈਂ ਹਾਪਕਿਨਸਨ ਬੋਲ ਰਿਹਾ ਹਾਂ । ਬੇਲਾ ਸਿੰਘ ਬਾਰੇ ਗੱਲ ਕਰਨੀ ਹੈ ।

... ... ... ...

... ... ... ...

ਹਾਂ, ਹਾਂ, ਉਹ ਕੈਨੇਡੀਅਨ ਗੌਰਮੈਂਟ ਦਾ ਬਹੁਤ ਵਫ਼ਾਦਾਰ ਹੈ ।

... ... ... ...

... ... ... ...

ਓ, ਥੈਂਕ ਯੂ ਸਰ ।

[ ਹਾਪਕਿਨਸਨ ਫ਼ੋਨ ਰੱਖਦਾ ਹੈ । ਫੇਰ ਉਚੀ ਉਚੀ ਹੱਸਦਾ ਹੈ । ਚੁਟਕੀ ਮਾਰਦਾ ਹੈ ਤੇ ਇਕਦਮ ਸਟੇਜ ਦੇ ਵੱਲ ਜਾਂਦਾ ਹੈ । ]

●

[ ਰੌਸ਼ਨੀ ਗੁਰਦੁਆਰੇ 'ਤੇ ਪੈਂਦੀ ਹੈ ।
ਉਦਾਸ ਸੰਗੀਤ ਹੌਲੀ ਹੌਲੀ ਚੱਲ ਰਿਹਾ ਹੈ । ਮੇਵਾ ਸਿੰਘ ਨੀਵੀਂ ਪਾਈ ਇਕ ਬੈਂਚ 'ਤੇ ਬੈਠਾ ਹੈ । ਫਿਰ ਹੌਲੀ ਹੌਲੀ ਉਠਦਾ ਹੈ ਤੇ ਚੁੱਪਚਾਪ ਗੰਭੀਰ ਸੋਚ ਵਿਚ ਟਹਿਲਣ ਲੱਗਦਾ ਹੈ । ਸੰਗੀਤ ਬੰਦ

ਹੁੰਦਾ ਹੈ । ਹਸਨ ਰਹੀਮ ਦਾਖ਼ਲ ਹੁੰਦਾ ਹੈ । ]

ਹਸਨ ਰਹੀਮ :

(ਆਉਂਦਿਆਂ ਹੀ) ਮੇਵਾ ਸਿੰਘ !

[ ਮੇਵਾ ਸਿੰਘ ਚੌਂਕ ਕੇ ਹਸਨ ਰਹੀਮ ਵੱਲ ਵੇਖਦਾ ਹੈ ਤੇ ਨਿੰਮਾ ਜਿਹਾ ਮੁਸਕਰਾਉਂਦਾ ਹੈ । ]

ਬਹੁਤ ਉਦਾਸ ਜਾਪਦੈਂ ?

ਮੇਵਾ ਸਿੰਘ :

ਬਸ, ਐਵੇਂ ਹੀ ਰਤਾ ਟਹਿਲ ਰਿਹਾ ਸਾਂ । (ਕੁਝ ਰੁਕ ਕੇ) ਜਦੋਂ ਦੇ ਭਾਗ ਸਿੰਘ ਜੀ ਇੱਥੇ ਸ਼ਹੀਦ ਹੋਏ ਨੇ, ਰੌਣਕ ਹੀ ਨਹੀਂ ਰਹੀ । ਜੀਅ ਨਹੀਂ ਲੱਗਦਾ ।

ਹਸਨ ਰਹੀਮ :

ਭਾਗ ਸਿੰਘ ਸਾਰੀ ਕੌਮ ਦੀ ਜਾਨ ਸਨ — ਸਾਡੇ ਰਹਿਨੁਮਾ । ਉਹਨਾਂ ਦੇ ਸਿਰ 'ਤੇ ਸਾਨੂੰ ਬਹੁਤ ਹੌਸਲਾ ਸੀ ।

ਮੇਵਾ ਸਿੰਘ :

ਮੈਨੂੰ ਤਾਂ ਜਦੋਂ ਇੱਥੇ ਗੋਲੀ ਚੱਲਣ ਵਾਲਾ ਵਾਕਿਆਂ ਯਾਦ ਆ ਜਾਂਦਾ ਹੈ, ਬਹੁਤ ਗ਼ੁੱਸਾ ਚੜ੍ਹ ਜਾਂਦੈ । ਜੀਅ ਕਰਦੈ ਬਸ... (ਮੂੰਹ 'ਤੇ ਰੋਹ ਆ ਜਾਂਦਾ ਹੈ)

ਹਸਨ ਰਹੀਮ :

ਦੁੱਖ ਵਾਲੀ ਗੱਲ ਤਾਂ ਇਹ ਹੈ ਬੇਲਾ ਸਿੰਘ ਨੂੰ ਬਰੀ ਕਰ ਦਿੱਤਾ ਜੱਜ ਨੇ । ਸਭ ਨੂੰ ਪਤੈ ਕਿ ਗੁਰਦੁਆਰੇ ਆਂ ਕੇ ਗੋਲੀ ਬੇਲਾ ਸਿੰਘ ਨੇ ਚਲਾਈ । ਉਹ ਆਪ ਮੰਨਿਆ ਹੈ ਕਿ ਭਾਗ ਸਿੰਘ ਦੇ ਗੋਲੀ ਉਹਨੇ ਮਾਰੀ ਹੈ ।

ਮੇਵਾ ਸਿੰਘ :

ਉਹਨੇ ਤਾਂ ਆਉਂਦੇ ਹੀ ਗੁੰਡਾ-ਗਰਦੀ ਦੀ ਅੱਤ ਕਰ ਵਿਖਾਈ ।

ਹਸਨ ਰਹੀਮ :

ਹੁਣ ਤਾਂ ਆਪਣੇ ਲੋਕ ਉਂਜ ਈ ਸਹਿਮ ਜਿਹੇ ਗਏ ਨੇ । ਜਾਪਦੈ ਬੇਲਾ ਸਿੰਘ ਦੇ ਛੁੱਟ ਕੇ ਆਉਣ ਨਾਲ ਲੋਕਾਂ 'ਤੇ ਉਸਦਾ ਰੋਅਬ ਪੈ ਗਿਆ ਹੈ । ਲੋਕ ਸਮਝਦੇ ਨੇ । ਹਾਪਕਿਨਸਨ ਤੇ ਰੀਡ ਉਸ ਦੀ ਪਿੱਠ 'ਤੇ ਨੇ । ਉਹ ਜੋ ਜੀਅ ਚਾਹੇ ਕਰ ਸਕਦੈ ।



ਮੇਵਾ ਸਿੰਘ :

ਮੈਨੂੰ ਤਾਂ ਲੱਗਦੈ ਆਪਣੀ ਬੇਲਾ ਸਿੰਘ ਵਿਰੁੱਧ ਕੀਤੀ, ਅਪੀਲ ਦਾ ਵੀ ਕੁਝ ਨਹੀਂ ਬਣਨਾ ।

ਹਸਨ ਰਹੀਮ :

ਆਪਣੀ ਅਪੀਲ ਤਾਂ ਐਵੇਂ ਆਪਣੇ ਆਪ ਨੂੰ ਦਿਲਾਸਾ ਦੇਣ ਵਾਲੀ ਗੱਲ ਏ । ਹਾਪਕਿਨਸਨ ਨੇ ਫੇਰ ਉਹਦੇ ਹੱਕ ਵਿਚ ਗਵਾਹੀ ਦੇ ਦੇਣੀ ਏਂ ।

ਮੇਵਾ ਸਿੰਘ :

ਮੈਨੂੰ ਤਾਂ ਹਾਪਕਿਨਸਨ ਦਾ ਨਾਂ ਸੁਣ ਕੇ ਹੀ ਜੋਸ਼ ਆ ਜਾਂਦੈ । ਬਹੁਤ ਕਮੀਨਾ ਤੇ ਘਟੀਆ ਬੰਦਾ ਹੈ ।

ਹਸਨ ਰਹੀਮ :

ਬੇਲਾ ਉਸ ਤੋਂ ਵੀ ਪਰ੍ਹੇ ਹੈ ।

ਮੇਵਾ ਸਿੰਘ :

ਸਮਝ ਨਹੀਂ ਆਉਂਦੀ ਇਹਨਾਂ ਨੂੰ ਸਜ਼ਾ ਕਿਸ ਤਰ੍ਹਾਂ ਮਿਲੇ !

ਹਸਨ ਰਹੀਮ :

ਸਜ਼ਾ ਇਹਨਾਂ ਨੂੰ ਕੌਣ ਦੇਣ ਵਾਲੈ । ਸਰਕਾਰ ਤਾਂ ਇਨ੍ਹਾਂ ਦੀ ਪਿੱਠ 'ਤੇ ਹੈ । ਲੋਕ ਈ ਸਜ਼ਾ ਦੇਣਗੇ ਇਹਨਾਂ ਨੂੰ ਤਾਂ ਹੁਣ ।

[ ਮੇਵਾ ਸਿੰਘ ਚੁੱਪ ਰਹਿੰਦਾ ਹੈ । ]

ਹੁਣ ਤਾਂ ਜਾਪਦੈ ਆਪਣੇ ਪੰਡਤ ਸੋਹਣ ਲਾਲ ਦੇ ਪਿੱਛੇ ਪਏ ਨੇ । ਉਹਦੇ 'ਤੇ ਪਤਾ ਨਹੀਂ ਕਿਉਂ ਅੱਖ ਰੱਖੀ ਹੈ ।

ਮੇਵਾ ਸਿੰਘ :

ਕਾਮਾਗਾਟਾ ਮਾਰੂ ਦਾ ਖ਼ਜ਼ਾਨਚੀ ਹੋਣ ਕਰਕੇ ।

ਹਸਨ ਰਹੀਮ :

ਓ ਸੱਚ, ਕਾਮਾਗਾਟਾ ਮਾਰੂ ਤਾਂ ਹੁਣ ਇੰਡੀਆਂ ਪਹੁੰਚ ਚੁੱਕਾ ਹੋਵੇਗਾ — ਕਲਕੱਤੇ, ਬਜਬਜ ਘਾਟ 'ਤੇ ।

[ ਰੋਸ਼ਨੀ ਕਾਮਾਗਾਟਾ ਮਾਰੂ ਵਾਲੇ ਭਾਗ 'ਤੇ ਪੈਂਦੀ ਹੈ। ਇਸ ਥਾਂ ਹੁਣ ਬਜਬਜ ਘਾਟ ਦਾ ਦ੍ਰਿਸ਼ ਹੈ। ਬਜ ਬਜ ਘਾਟ ਦਾ ਸਾਈਨ ਬੋਰਡ ਦਿਸਦਾ ਹੈ। ਗੁਰਦਿੱਤ ਸਿੰਘ ਤੇ ਦਲਜੀਤ ਸਿੰਘ ਗੱਲਾਂ ਕਰਦੇ ਦਿਖਾਈ ਦਿੰਦੇ ਹਨ। ਦੋਹਾਂ ਦੇ ਚਿਹਰਿਆਂ 'ਤੇ ਤਣਾਉ ਹੈ। ]

ਦਲਜੀਤ ਸਿੰਘ :

ਆਪਾਂ ਹੁਣ ਇਥੋਂ ਤੁਰੀਏ ਤੇ ਕਿਧਰੇ ਰਾਤ ਕੱਟਣ ਬਾਰੇ ਸੋਚੀਏ। ਕਲਕੱਤਾ, ਇਥੋਂ ਕਿੰਨੀ ਕੁ ਦੂਰ ਹੋਵੇਗਾ ?

ਗੁਰਦਿੱਤ ਸਿੰਘ :

ਤੇਰਾਂ, ਚੌਦਾਂ ਮੀਲ। ਹੁਣ ਤਾਂ ਗੱਡੀ ਵੀ ਕੋਈ ਨਹੀਂ ਮਿਲਣੀ।

ਦਲਜੀਤ ਸਿੰਘ :

ਇਥੇ ਠਹਿਰਣ ਨਾਲੋਂ ਤਾਂ ਪੈਦਲ ਤੁਰਨਾ ਹੀ ਚੰਗਾ ਏ। ਹੌਲੀ ਹੌਲੀ ਸਾਰੇ ਖਿਸਕਣ ਦੀ ਕਰੀਏ।

ਗੁਰਦਿੱਤ ਸਿੰਘ :

ਪਰ ਆਪਾਂ ਕਿਊਮਿੰਗ ਨੂੰ ਹੋਰ ਉਡੀਕ ਲਈਏ।

ਦਲਜੀਤ ਸਿੰਘ :

ਕੋਈ ਫ਼ਾਇਦਾ ਨਹੀਂ।

ਗੁਰਦਿੱਤ ਸਿੰਘ :

ਕਿਊਮਿੰਗ ਬੰਗਾਲ ਦਾ ਚੀਫ਼ ਸੈਕਟਰੀ ਏ। ਆਪਾਂ ਸਾਰਾ ਮਾਮਲਾ ਉਸ ਦੇ ਸਾਹਮਣੇ ਰੱਖਾਂਗੇ। ਜੋ ਕੁਝ ਆਪਣੇ ਨਾਲ ਕੈਨੇਡਾ ਵਿਚ ਹੋਇਆ-ਬੀਤਿਆ ਹੈ, ਜੋ ਕੁਝ ਇਥੋਂ ਦੀ ਪੁਲੀਸ ਨੇ ਆਪਣੇ ਨਾਲ ਕੀਤਾ ਹੈ, ਕਿਊਮਿੰਗ ਦੇ ਕਹਿਣ ਉਤੇ ਹੀ ਤਾਂ ਆਪਾਂ ਮੁੜ ਕੇ ਆਏ ਹਾਂ।



ਦਲਜੀਤ ਸਿੰਘ :

ਸਭ ਬਕਵਾਸ ਏ। ਕਿਊਮਿੰਗ ਆਪਾਂ ਨੂੰ ਧੋਖੇ ਨਾਲ ਮੋੜ ਕੇ ਲਿਆਇਆ ਹੈ। ਨਹੀਂ ਤਾਂ ਹੁਣ ਆਪਾਂ ਗੱਡੀ ਫੜ ਕੇ ਕਲਕੱਤੇ ਪਹੁੰਚ ਚੁੱਕੇ ਹੁੰਦੇ।

ਗੁਰਦਿੱਤ ਸਿੰਘ :

ਜਾਪਦਾ ਤਾਂ, ਦਲਜੀਤ ਸਿੰਘ, ਮੈਨੂੰ ਵੀ ਇਸੇ ਤਰ੍ਹਾਂ ਹੀ ਏ। ਆਪਣੇ ਨਾਲ ਧੋਖਾ ਹੋਇਐ। ਇਹ ਆਪਾਂ ਨੂੰ ਸਿੱਧੇ ਪੰਜਾਬ ਭੇਜਣ 'ਤੇ ਤੁਲੇ ਹੋਏ ਨੇ।

ਦਲਜੀਤ ਸਿੰਘ :

ਇਹ ਤਾਂ ਚਾਹੁੰਦੇ ਨੇ ਕਿ ਕਾਮਾਗਾਟਾ ਮਾਰੂ ਦੀ ਸਭ ਗੱਲ 'ਤੇ ਮਿੱਟੀ ਪੈ ਜਾਏ। ਪਰ ਪੰਜਾਬ ਜਾ ਕੇ ਕੀ ਕਰਾਂਗੇ ? ਉਥੋਂ ਤਾਂ ਸਾਰੇ ਜ਼ਮੀਨ ਵੇਚ-ਵੱਟ ਕੇ ਤੁਰੇ ਸੀ। ਹੁਣ ਕਿਸੇ ਦੇ ਪੱਲੇ ਦੁਆਨੀ ਨਹੀਂ। ਸਾਰੇ ਮੁਸਾਫ਼ਰ ਕਲਕੱਤੇ ਜਾਣਾ ਚਾਹੁੰਦੇ ਹਨ, ਕੋਈ ਕੰਮ-ਕਾਰ ਲੱਭਣਾ ਚਾਹੁੰਦੇ ਹਨ।

ਗੁਰਦਿੱਤ ਸਿੰਘ :

ਅਜੇ ਕੰਪਨੀ ਨੂੰ ਕਾਮਾਗਾਟਾ ਮਾਰੂ ਦਾ ਸਾਰਾ ਹਿਸਾਬ ਦੇਣਾ ਹੈ। ਲੱਖਾਂ ਡਾਲਰਾਂ ਦਾ ਨੁਕਸਾਨ ਹੋਇਐ। ਉਸ ਲਈ ਅਦਾਲਤ ਵਿਚ ਜਾ ਕੇ ਮੁਕੱਦਮਾ ਕਰਨਾ ਹੈ। ਪਰ ਪੁਲੀਸ ਵਾਲੇ ਤਾਂ ਆਪਾਂ ਨੂੰ ਡੰਗਰਾਂ ਵਾਂਗੂ ਗੱਡੀ ਵਿਚ ਲੱਦ ਕੇ ਛੇਤੀ ਤੋਂ ਛੇਤੀ ਪੰਜਾਬ ਤੋਰਨਾ ਚਾਹੁੰਦੇ ਨੇ। ਨਹੀਂ, ਨਹੀਂ, ਅਸੀਂ ਕਦੇ ਨਹੀਂ ਮੰਨਾਂਗੇ, ਭਾਵੇਂ ਕੁਝ ਵੀ ਹੋ ਜਾਵੇ।

ਦਲਜੀਤ ਸਿੰਘ :

ਅੱਗੇ ਕਿਹੜਾ ਆਪਣੇ ਨਾਲ ਥੋੜ੍ਹੀ ਹੋਈ ਏ। ਸਵੇਰ ਦਾ ਕਿਸੇ ਨੂੰ ਨਾਸ਼ਤਾ ਨਹੀਂ ਮਿਲਿਆ। ਪਾਣੀ ਦੀ ਘੁੱਟ ਤੱਕ ਨਹੀਂ ਮਿਲੀ। ਪੁਲੀਸ ਵਾਲਿਆਂ ਨਾਲ ਝਗੜ ਕੇ ਸਟੇਸ਼ਨ ਵੱਲ ਨੂੰ ਤੁਰੇ ਸੀ। ਤਿੰਨ ਮੀਲ ਤੋਂ ਕਿਊਮਿੰਗ ਆਪਾਂ ਨੂੰ ਲਾਰਾ ਲਾ ਕੇ ਧੋਖੇ ਨਾਲ ਮੋੜ ਲਿਆਇਆ। ਛੇ ਸੱਤ ਮੀਲ ਐਨੀ ਗਰਮੀ 'ਚ ਤੁਰਨਾ — ਭੁੱਖੇ-ਤਿਹਾਏ। ਉਤੋਂ ਪੁਲੀਸ ਵਾਲਿਆਂ ਦੇ ਦਬਕੇ, ਗਾਲ੍ਹਾਂ, ਧੱਕੇ, ਡਾਂਗਾਂ ਦੀਆਂ ਹੁੱਜਾਂ... ਅਸੀਂ ਬਹੁਤ ਜ਼ਲੀਲ ਹੋਏ ਹਾਂ। ਇਸ ਤੋਂ ਵੱਧ ਹੋਰ ਬਰਦਾਸ਼ਤ ਕਰਨਾ ਬਹੁਤ ਔਖਾ ਹੈ।

ਗੁਰਦਿੱਤ ਸਿੰਘ :

ਦਲਜੀਤ ਸਿੰਘ, ਆਪਾਂ ਬਹੁਤ ਮੁਸ਼ਕਿਲ ਵਿਚ ਫਸੇ ਹੋਏ ਹਾਂ। ਪੁਲੀਸ

ਵਾਲਿਆਂ ਨਾਲ ਹੁਸ਼ਿਆਰੀ ਤੋਂ ਕੰਮ ਲੈਣਾ ਪਵੇਗਾ। ਮੈਂ ਚਾਹੁੰਨਾਂ, ਇਕ ਵਾਰ ਇਹਨਾਂ ਦੇ ਪੰਜੇ 'ਚੋਂ ਨਿਕਲ ਕੇ ਕਲਕੱਤੇ ਪਹੁੰਚ ਜਾਈਏ। ਫੇਰ ਸਭ ਕੁਝ ਸੰਭਾਲ ਲਵਾਂਗੇ। ਮੈਨੂੰ ਵੀ ਇਹਨਾਂ ਨੇ ਗਾਲ੍ਹਾਂ ਕੱਢੀਆਂ ਨੇ, ਧੱਕੇ ਮਾਰੇ ਨੇ।

ਦਲਜੀਤ ਸਿੰਘ :

ਇਸੇ ਲਈ ਤਾਂ ਮੁਸਾਫ਼ਰ ਲੋਹੇ-ਲਾਖੇ ਹੋਏ ਫਿਰਦੇ ਨੇ। ਘੱਟੋ-ਘੱਟ ਤੁਹਾਨੂੰ ਤਾਂ ਇੱਜ਼ਤ ਨਾਲ ਬੁਲਾਣ। ਹੁਣ ਸਾਰਿਆਂ ਨੂੰ ਡੰਗਰਾਂ ਵਾਂਗ ਘੇਰ ਕੇ ਜ਼ਮੀਨ 'ਤੇ ਬਿਠਾਇਆ ਹੋਇਐ। ਗ੍ਰੰਥ ਸਾਹਿਬ ਦੀ ਬੀੜ ਵੀ ਥੱਲੇ ਪਈ ਹੈ — ਜ਼ਮੀਨ 'ਤੇ। ਹੁਣ ਕਹਿੰਦੇ ਨੇ ਰਾਤ ਕੱਟਣ ਲਈ ਮੁੜ ਜਹਾਜ਼ ਵਿਚ ਜਾਓ।

ਗੁਰਦਿੱਤ ਸਿੰਘ :

ਹਰਗਿਜ਼ ਨਹੀਂ, ਇਸ ਵਿਚ ਧੋਖਾ ਹੈ।

ਦਲਜੀਤ ਸਿੰਘ :

ਹੋ ਸਕਦੈ, ਇਹ ਸਾਰੇ ਦਾ ਸਾਰਾ ਜਹਾਜ਼ ਕਾਲੇ ਪਾਣੀ ਨੂੰ ਲੈ ਜਾਣ, ਹੁਣ ਇਨ੍ਹਾਂ 'ਤੇ ਕੋਈ ਇਤਬਾਰ ਨਹੀਂ ਰਿਹਾ।

ਗੁਰਦਿੱਤ ਸਿੰਘ :

ਕਿਊਮਿੰਗ ਨੇ ਬੰਗਾਲ ਦਾ ਚੀਫ਼ ਸੈਕਟਰੀ ਹੋ ਕੇ ਆਪਣੇ ਨਾਲ ਧੋਖਾ ਕੀਤਾ ਹੈ। ਹੁਣ ਕਿਸੇ 'ਤੇ ਭਰੋਸਾ ਨਹੀਂ ਰਿਹਾ।

ਦਲਜੀਤ ਸਿੰਘ :

ਪੁਲੀਸ ਆਪਣੇ ਦੁਆਲੇ ਕੁੱਤਿਆਂ ਵਾਂਗ ਹਰਲ ਹਰਲ ਕਰਦੀ ਫਿਰਦੀ ਐ। ਮੇਰਾ ਖ਼ਿਆਲ ਹੈ ਕਿ ਉਹ ਤੁਹਾਨੂੰ ਗ੍ਰਿਫ਼ਤਾਰ ਕਰਨ ਦੀ ਕੋਸ਼ਿਸ਼ ਵਿਚ ਨੇ।

ਗੁਰਦਿੱਤ ਸਿੰਘ :

ਮੈਨੂੰ ?

ਦਲਜੀਤ ਸਿੰਘ :

ਹਾਂ। ਉਹਨਾਂ ਪਹਿਲਾਂ ਮੈਨੂੰ ਵੀ ਪਾਸੇ ਬੁਲਾਉਣ ਦੀ ਕੋਸ਼ਿਸ਼ ਕੀਤੀ ਸੀ। ਮੈਂ ਗਿਆ ਨਹੀਂ। ਸਾਰੇ ਮੁਸਾਫ਼ਰ ਇਹੋ ਚਾਹੁੰਦੇ ਹਨ — ਤੁਸੀਂ ਉਹਨਾਂ ਵਿਚ ਰਹੋ, ਵਿਚਾਲੇ। ਇਸ ਤਰ੍ਹਾਂ ਪਾਸੇ ਇੱਕਲੇ ਹੋਣਾ ਆਪਣੇ ਲਈ ਖ਼ਤਰੇ ਵਾਲੀ ਗੱਲ ਹੈ। ਜੇ ਤੁਸੀਂ ਗ੍ਰਿਫ਼ਤਾਰ ਹੋ ਗਏ ਤਾਂ ਸਾਰੇ ਮੁਸਾਫ਼ਰ ਬੇਸਹਾਰਾ ਹੋ ਜਾਣਗੇ।



[ ਗੁਰਦਿੱਤ ਸਿੰਘ ਸਹਿਮਤੀ ਵਿਚ ਸਿਰ ਹਿਲਾਉਂਦਾ ਹੈ। ]

ਰਹਿਰਾਸ ਦਾ ਪਾਠ ਹੋ ਰਿਹਾ ਹੈ। ਅਰਦਾਸ ਸ਼ੁਰੂ ਹੋਣ ਵਾਲੀ ਹੈ। ਚਲੋ ਆਪਾਂ ਚੱਲੀਏ। ਨਾਲੇ ਮੁਸਾਫ਼ਰਾਂ ਨਾਲ ਕਲਕੱਤੇ ਜਾਣ ਬਾਰੇ ਕੋਈ ਵਿਉਂਤ ਬਣਾਈਏ।

[ ਦਲਜੀਤ ਸਿੰਘ ਤੇ ਗੁਰਦਿੱਤ ਸਿੰਘ ਅੰਦਰ ਜਾਂਦੇ ਹਨ।

[ ਨੀਲੀ ਮੱਧਮ ਰੋਸ਼ਨੀ ਮੰਚ ਉਤੇ ਪੈਂਦੀ ਹੈ। ਪਹਿਲਾਂ ਮੰਚ ਦੇ ਪਿਛਵਾੜਿਉਂ ਅਰਦਾਸ ਦੀ ਸਪਸ਼ਟ ਆਵਾਜ਼ ਆਉਂਦੀ ਹੈ। ਪਰ ਕੁਝ ਹੀ ਛਿਣਾਂ ਬਾਅਦ, ਇਸ ਅਰਦਾਸ ਦੀ ਆਵਾਜ਼ ਦੇ ਨਾਲ ਰਲਵੀਂ ਇਕ ਤਿੱਖੀ ਤੇ ਗੁਸੈਲੀ ਪ੍ਰਦੇਸੀ ਲਹਿਜੇ ਵਾਲੀ ਆਵਾਜ਼ ਵੀ ਉਭਰ ਆਉਂਦੀ ਹੈ। ]

ਆਵਾਜ਼ 1 :

ਵ੍ਹੇਅਰ ਇਜ਼ ਗੁਰਦਿੱਤ ਸਿੰਘ ? ਕਿਧਰ ਹੈ ਗੁਰਦਿੱਤ ਸਿੰਘ, ਜਲਦੀ ਬਾਹਰ ਆਓ।

[ ਅਰਦਾਸ ਦੀ ਆਵਾਜ਼ ਮੱਧਮ ਹੋ ਜਾਂਦੀ ਹੈ ਤੇ ਇਕ ਹੋਰ ਬੜੇ ਠਰੰਮੇ ਤੇ ਭਰੋਸੇ ਭਰੀ ਆਵਾਜ਼ ਸੁਣਾਈ ਦੇਂਦੀ ਹੈ। ]

ਆਵਾਜ਼ 2 :

ਸਰ, ਅਰਦਾਸ ਹੋ ਰਹੀ ਹੈ। ਅਰਦਾਸ ਖ਼ਤਮ ਹੁੰਦੇ ਹੀ ਉਹ ਬਾਹਰ ਆ ਜਾਣਗੇ।

[ ਫਿਰ ਪਹਿਲੀ ਤੇ ਦੂਸਰੀ ਆਵਾਜ਼ ਵਿਚ ਗਲਬਾਤ ਤਕਰਾਰ ਦਾ ਰੂਪ ਧਾਰ ਲੈਂਦੀ ਹੈ। ਪਰ ਪਹਿਲੀ ਆਵਾਜ਼ ਵਿਚ ਹਾਲੇ ਵੀ ਰੋਅਬ ਤੇ ਹੈਂਕੜ ਹੈ, ਜਦੋਂ ਕਿ ਦੂਸਰੀ ਆਵਾਜ਼ ਵਿਚ ਹਾਲੇ ਵੀ ਦ੍ਰਿੜਤਾ

ਤੇ ਭਰੋਸਾ ਹੈ । ]

ਆਵਾਜ਼ 1 :

ਨੋ, ਆਈ ਕਾਂਟ ਵੇਟ । ਜਲਦੀ ਸੇ ਬਾਹਰ ਆਓ ।

ਆਵਾਜ਼ 2 :

ਮੁਆਫ਼ ਕਰਨਾ, ਅਸੀਂ ਅਰਦਾਸ ਕਰ ਰਹੇ ਹਾਂ । ਤੁਸੀਂ ਇਸ ਵਿਚ ਦਖ਼ਲ ਨਾ ਦਿਓ । ਅਸੀਂ ਇਸ ਦੇ ਖ਼ਤਮ ਹੋਣ ਤੋਂ ਪਹਿਲਾਂ ਤੁਹਾਡੇ ਨਾਲ ਗੱਲ ਨਹੀਂ ਕਰ ਸਕਦੇ ।

ਆਵਾਜ਼ 1 :

ਨਾਨਸੈਂਸ । ਤੁਮ ਸਭ ਬਦਮਾਸ਼ ਹੋ, ਮੁਝੇ ਫ਼ੂਲ ਬਨਾਤਾ ਹੈ ।

ਆਵਾਜ਼ 2 :

ਬਿਹਤਰ ਹੈ, ਤੁਸੀਂ ਸੱਭਯ ਬੋਲੀ 'ਚ ਗੱਲ ਕਰੋ । ਅਸੀਂ ਪਹਿਲਾਂ ਹੀ ਤੁਹਾਡੇ ਹੱਥੋਂ ਬਹੁਤ ਜ਼ਲੀਲ ਹੋਏ ਹਾਂ ।

ਆਵਾਜ਼ 1 :

ਅੱਛਾ ਤੋਂ ਐਸਾ ਬਾਤ ਹੈ । ਤੁਮ ਲੋਗ ਐਸੇ ਨਹੀਂ ਮਾਨੋਂਗੇ । ਮੈਂ ਖ਼ੁਦ ਨਿਕਾਲਤਾ ਹੂੰ ਉਸ ਬਦਮਾਸ਼ ਕੋ, । ਹਟੋ, ਹਟੋ ਇੱਧਰ, ਆਈ ਸੇ, ਗੈੱਟ ਅਵੇ, ਗੈਟ ਅਵੇ, ਯੂ ਈਡੀਅਟਸ ।

[ ਰੌਲਾ ਪੈਂਦਾ ਹੈ । ਫਿਰ ਇਸ ਰੌਲੇ ਤੋਂ ਉਚੇਰੀ ਹੋਈ ਇਕ ਵੱਖਰੀ ਆਵਾਜ਼ ਸੁਣਾਈ ਦੇਂਦੀ ਹੈ । ]

ਆਵਾਜ਼ 3 :

ਹੱਦ ਹੋ ਗਈ । ਹੁਣ ਤਾਂ ਆਪਣੀ ਅਰਦਾਸ 'ਚ ਵੀ ਵਿਘਨ ਪੌਣੋ ਨਹੀਂ ਟਲੇ । ਏਦੂੰ ਤਾਂ ਮਰੇ ਈ ਚੰਗੇ । ਟਹਿਲ ਸਿਹਾਂ, ਫੜ ਖਾਂ ਗੋਰੇ ਦੇ ਹੱਥੋਂ ਸੋਟੀ, ਸਾਲ੍ਹਾ ਪੁਲਸ ਕਪਤਾਨ ਦਾ, ਡੰਗਰਾਂ ਆਂਗੂੰ ਕੁੱਟੀ ਜਾਂਦੈ । ਮਾਰ ਇਹਦੇ ਮੌਰਾਂ 'ਚ ਦੋ ਰੱਖ ਕੇ । ਵੇਖੀ ਜਾਊ ਜਿਵੇਂ ਹੋਊ ।

[ ਰੌਲਾ ਫਿਰ ਪੈਂਦਾ ਹੈ । ਸੋਟੀ ਪਰ੍ਹੇ ਡਿੱਗਣ ਦੀ ਆਵਾਜ਼ ਆਉਂਦੀ ਹੈ । ] →

ਆਵਾਜ਼ 1 :

ਨੋ, ਨੋ ਠਹਿਰੋ । ਸੱਟਾਪ ਇੱਟ । ਮੈਂ ਗੋਲੀ ਚਲਾ ਦੂੰਗਾ ।



[ ਦੋ ਗੋਲੀਆਂ ਚਲਦੀਆਂ ਹਨ । ]

ਆਵਾਜ਼ 2 :

ਓ ਵੇਖੀਂ ਵੇਖੀਂ, ਪਰ੍ਹੇ ਠਾਕਰ ਨੂੰ ਸੰਭਾਲੋ ।

ਆਵਾਜ਼ 3 :

ਓਏ ਜੱਫਾ ਮਾਰੋ ਇਹਨੂੰ, ਪਿਛੋਂ ਪਸਤੌਲ ਖੋਹੋ ਇਹਤੋਂ ਭੈਣ...

[ ਦੋ ਤਿੰਨ ਗੋਲੀਆਂ ਹੋਰ ਚਲਦੀਆਂ ਹਨ ।
ਸਨਾਟਾ ਛਾ ਜਾਂਦਾ ਹੈ ।
ਫੇਰ ਗੋਲੀਆਂ ਚਲਦੀਆਂ ਹਨ ਤੇ ਕਾੜ ਕਾੜ ਚੱਲੀ ਜਾਂਦੀਆਂ ਹਨ । ਰੌਲਾ ਪੈਂਦਾ ਹੈ । ਗੋਲੀਆਂ ਲਗਾਤਾਰ ਚਲੀ ਜਾਂਦੀਆਂ ਹਨ । ]

[ ਰੋਸ਼ਨੀ ਹੁੰਦੀ ਹੈ ।
ਪਹਿਲਾਂ ਵਾਲੀ ਔਰਤ ਗੋਲੀਆਂ ਦੀ ਬੁਛਾੜ 'ਚੋਂ ਬਾਹਰ ਆਉਂਦੀ ਹੈ । ਉਸ 'ਤੇ ਆਸਿਓਂ ਪਾਸਿਓਂ ਗੋਲੀਆਂ ਚਲਦੀਆਂ ਹਨ । ਹਰ ਗੋਲੀ ਲੱਗਣ ਨਾਲ ਉਹ ਆਸੇ ਪਾਸੇ ਵੱਲ ਝੁੱਕਦੀ ਹੈ । ਇਸ ਤਰ੍ਹਾਂ ਤੁਰਦੀ ਤੁਰਦੀ ਉਹ ਮੰਚ ਦੇ ਅੱਗੇ ਵਲ ਆ ਕੇ ਸਥਿਰ ਹੋ ਜਾਂਦੀ ਹੈ । ]

[ ਰੋਸ਼ਨੀ ਹੌਲੀ, ਹੌਲੀ ਮੱਧਮ ਹੁੰਦੀ ਹੈ ।
ਮੰਚ 'ਤੇ ਸਨਾਟਾ ਛਾ ਜਾਂਦਾ ਹੈ । ]

[ ਰੌਸ਼ਨੀ ਹੌਲੀ ਹੌਲੀ ਗੁਰਦੁਆਰੇ 'ਤੇ ਪੈਂਦੀ ਹੈ। ਉਸ ਪਾਸੇ ਵਲ ਮੇਵਾ ਸਿੰਘ ਤੇ ਹਸਨ ਰਹੀਮ ਚੇਤੰਨ ਤੇ ਰੋਹ ਭਰੇ ਖੜੋਤੇ ਦਿਖਾਈ ਦੇਂਦੇ ਹਨ। ਉਹ, ਇਕ ਦੇ ਪਿਛੋਂ ਦੂਜਾ, ਜੋਸ਼ ਨਾਲ ਬੋਲੀ ਜਾ ਰਹੇ ਹਨ। ]

ਮੇਵਾ ਸਿੰਘ :

ਪਰ ਉਹਨਾਂ ਗੋਲੀ ਕਿਉਂ ਚਲਾਈ ? ਕਿਉਂ ਚਲਾਈ ਗੋਲੀ... ਕਿਉਂ ਚਲਾਈ ਗੋਲੀ !

ਹਸਨ ਰਹੀਮ :

ਜ਼ੁਲਮ ਦੀ ਇੰਤਹਾ ਹੋ ਗਈ। ਆਪਣੇ ਮੁਲਕ, ਕਦੇ ਆਪਣੇ ਮੁਲਕ ਪਹੁੰਚ ਕੇ ਵੀ ਇਸ ਤਰ੍ਹਾਂ ਹੋਈ ਹੈ।

ਮੇਵਾ ਸਿੰਘ :

ਉਹਨਾਂ ਨੂੰ ਗ੍ਰਿਫ਼ਤਾਰ ਕਰ ਲੈਂਦੇ। ਕੈਦ ਕਰ ਦਿੰਦੇ, ਪਰ ਇਸ ਤਰ੍ਹਾਂ ਨਿੱਹਥਿਆਂ 'ਤੇ ਗੋਲੀ ਚਲਾਉਣੀ, ਦਾਣਿਆਂ ਵਾਂਗ ਭੁੰਨ ਸੁੱਟਣਾ — ਨਿਰੀ ਕਾਇਰਤਾ, ਨਿਰੀ ਹੈਵਾਨੀਅਤ।

[ ਜੋਸ਼ ਵਿਚ ਆਏ ਨੂੰ ਅੱਗੇ ਸ਼ਬਦ ਨਹੀਂ ਸੁਝਦੇ। ]

ਹਸਮ ਰਹੀਮ :

ਇਥੇ ਹੀ ਬਸ ਨਹੀਂ। ਪੁਲਸੀਆਂ ਨੇ ਮਗਰ ਦੌੜ ਦੌੜ ਕੇ ਮੁਸਾਫ਼ਰਾਂ ਦਾ ਪਿੱਛਾ ਕੀਤਾ। ਦੂਰ ਦੂਰ ਤੱਕ ਜਾ ਕੇ ਉਹਨਾਂ 'ਤੇ ਗੋਲੀ ਚਲਾਈ। ਇਹ ਕਿਉਂ ? ਕੀ ਜਵਾਬ ਏ ਇਹਦਾ ਅੰਗਰੇਜ਼ ਕੋਲ। ਪੁਲੀਸ ਹੈ ਕਿ ਹਲਕੇ ਕੁੱਤੇ। ਜਿਵੇਂ ਲਹੂ ਨਾਲ ਖੇਡਣ ਦਾ ਚਾਅ ਹੋਵੇ। ਜਿਵੇਂ ਕਤਲੇਆਮ ਦਾ ਸ਼ੌਕ ਹੋਵੇ।



ਮੇਵਾ ਸਿੰਘ :

ਇਥੇ ਭਾਗ ਸਿੰਘ ਹੁਰਾਂ ਨੂੰ ਸ਼ਹੀਦ ਕਰ ਦਿੱਤਾ। ਉਥੇ ਬਜਬਜ ਘਾਟ 'ਤੇ ਕਤਲੇਆਮ ਮਚਾ ਦਿੱਤਾ। ਇਹ ਸਭ ਕੁਝ ਸਾਨੂੰ ਧਮਕਾਉਣ ਵਾਸਤੇ ਕੀਤਾ ਜਾ ਰਿਹੈ। ਸਾਡੀ ਕੌਮ ਨੂੰ ਜ਼ਲੀਲ ਕਰਨ, ਬੁਜ਼ਦਿਲ ਤੇ ਸਦਾ ਲਈ ਗ਼ੁਲਾਮ ਬਣਾਉਣ ਵਾਸਤੇ। ਤਾਕਿ ਅਸੀਂ ਅਜ਼ਾਦ ਲੋਕਾਂ ਵਾਂਗ ਕਦੇ ਸਿਰ ਉੱਚਾ ਕਰਕੇ ਨਾ ਤੁਰ ਸਕੀਏ। ਛਾਤੀ ਚੌੜੀ ਨਾ ਕਰ ਸਕੀਏ। ਤਾਂਕਿ ਅਸੀਂ ਕੁੱਤਿਆਂ ਵਾਂਗ ਅੰਗਰੇਜ਼ ਮਾਲਕਾਂ ਮਗਰ ਪੂਛ ਹਿਲਾਉਂਦੇ ਫਿਰੀਏ, ਇਹ ਆਪਣੀ ਲੁੱਟ ਖਸੁੱਟ ਜਾਰੀ ਰੱਖ ਸਕਣ, ਤੇ ਸਾਨੂੰ ਜਦੋਂ ਜੀਅ ਕਰੇ ਬੁਰਕੀ ਪਾ ਛੱਡਣ। ਜਦੋਂ ਜੀਅ ਕਰੇ ਦੁਰਕਾਰ ਦੇਣ। ਜਦੋਂ ਜੀਅ ਕਰੇ ਗੋਲੀ ਮਾਰ ਦੇਣ...

ਉਹ ਸਾਨੂੰ ਗੋਲੀਆਂ ਮਾਰਦੇ ਹਨ। (ਹੌਲੀ ਤੇ ਭਾਵੁਕ ਆਵਾਜ਼ 'ਚ) ਤਾਂਕਿ ਅਸੀਂ ਉਹਨਾਂ ਸਾਹਮਣੇ ਉਚਾ ਨਾ ਬੋਲੀਏ। ਖੁੱਲ ਕੇ ਨਾ ਹੱਸੀਏ। ਗੁੰਗੇ ਬਣ ਕੇ 'ਜੀ-ਜੀ' ਕਰੀਏ। ਸਾਡੇ ਬੱਚੇ ਗੁੰਗੇ ਜੰਮਣ, ਗੁੰਗੇ ਰਹਿਣ ਤੇ ਗੁੰਗੇ ਮਰਨ। ਉਹ ਸਾਡੀ ਕੌਮ 'ਚੋਂ ਸਦਾ ਲਈ ਅਣਖ ਮਾਰ ਦੇਣੀ ਚਾਹੁੰਦੇ ਹਨ, ਸਦਾ ਲਈ।

ਹਸਨ ਰਹੀਮ :

ਪਰ ਉਹਨਾਂ ਨੂੰ ਇਹ ਨਹੀਂ ਪਤਾ ਕਿ ਕੌਮਾਂ ਇਸ ਤਰ੍ਹਾਂ ਮਰਦੀਆਂ ਨਹੀਂ, ਜ਼ਿੰਦਾ ਹੁੰਦੀਆਂ ਹਨ। ਹੋਰ ਉਚਾ ਉਠਦੀਆਂ ਹਨ। ਰੋਹ ਵਿਚ ਮਚਦੀਆਂ ਹਨ ਤੇ ਜ਼ੁਲਮ ਦਾ ਅੰਤ ਕਰ ਦਿੰਦੀਆਂ ਹਨ। ਕੀ ਦੋਸ਼ ਸੀ ਕਾਮਾਗਾਟਾ ਮਾਰੂ ਦੇ ਮੁਸਾਫ਼ਰਾਂ ਦਾ ? ਉਹ ਦੂਜੇ ਹਜ਼ਾਰਾਂ ਲੱਖਾਂ ਲੋਕਾਂ ਵਾਂਗ ਰਹਿਣਾ ਈ ਚਾਹੁੰਦੇ ਸਨ, ਉਹ ਡਾਕੇ ਤਾਂ ਨਹੀਂ ਮਾਰਨਾ ਚਾਹੁੰਦੇ ਸਨ। ਪਰ ਉਨ੍ਹਾਂ ਨੂੰ ਇਥੇ ਪਹੁੰਚਣ 'ਤੇ ਖੁਆਰ ਕੀਤਾ ਗਿਆ। ਹਾਪਕਿਨਸਨ ਵਰਗਿਆਂ ਨੇ ਰੋਜ਼ ਬੇਇੱਜ਼ਤੀ ਕੀਤੀ, ਭੁੱਖੇ ਤਿਹਾਏ ਮਾਰਿਆ। ਜਦੋਂ ਜ਼ਲੀਲ ਹੋ ਕੇ ਆਖ਼ਰ ਵਾਪਸ ਜਾਣ ਲਈ ਤਿਆਰ ਹੋਏ ਤਾਂ ਅਗੋਂ ਗੋਲੀਆਂ ਨਾਲ ਸੁਆਗਤ ਹੋਇਆ। ਕਿਉਂ ? ਇਸ ਲਈ ਕਿ ਉਹ ਗ਼ੁਲਾਮ ਦੇਸ ਤੋਂ ਆਏ ਸੀ — ਮਾਲਕਾਂ ਦੀ ਕੌਮ ਵਿਚ ਰਹਿਣ ਲਈ। ਪਰ ਸਾਡੀ ਕੌਮ ਕਦੋਂ ਤੱਕ ਇਹ ਨਿਰਾਦਰ ਸਹਾਰੀ ਜਾਵੇਗੀ !

ਮੇਵਾ ਸਿੰਘ :

ਬਹੁਤੀ ਦੇਰ ਨਹੀਂ। ਅਸੀਂ ਇਸ ਤਰ੍ਹਾਂ ਦਾ ਜੀਵਨ ਹੋਰ ਨਹੀਂ ਜਿਓ ਸਕਦੇ। ਮੇਰੇ, ਮੇਰੇ ਅੰਦਰ ਕੋਈ ਬੇਚੈਨੀ ਜਿਹੀ ਸਮਾ ਗਈ ਹੈ। ਹੱਡਾਂ

'ਚ ਕੋਈ ਕਾਹਲ ਜਿਹੀ ਮੱਚ ਗਈ ਹੈ। ਮੇਰੀਆਂ ਨਾੜਾਂ 'ਚ ਖ਼ੂਨ ਛੱਲਾਂ ਖਾਣ ਲੱਗ ਗਿਆ ਹੈ। ਜਿਵੇਂ, ਜਿਵੇਂ ਮੇਰੇ ਅੰਦਰ ਕੋਈ ਬਰਫ਼ ਦਾ ਸ਼ਾਂਤ ਤੋਦਾ ਅਚਾਨਕ ਪਿਘਲ ਗਿਆ ਹੋਵੇ।... ਜਿਵੇਂ ਅੰਦਰ ਪਾਣੀ ਦਾ ਟਿਕਿਆ ਸਰੋਵਰ ਅਚਾਨਕ ਭਾਫ਼ ਬਣ ਗਿਆ ਹੋਵੇ... ਮੈਂ... ਮੈਂ..., ਜੋਸ਼ ਨਾਲ ਮੇਰਾ ਸਿਰ ਫਟ ਰਿਹਾ ਹੈ।

[ ਹਸਨ ਰਹੀਮ ਪਹਿਲਾਂ ਮੇਵਾ ਸਿੰਘ ਦੀਆਂ ਅੱਖਾਂ 'ਚ ਗਹੁ ਨਾਲ ਦੇਖਦਾ ਹੈ। ਫੇਰ ਉਹਦੇ ਮੋਢੇ ਉਤੇ ਹੱਥ ਰਖਦਾ ਹੈ ਅਤੇ ਗੰਭੀਰ ਆਵਾਜ਼ 'ਚ ਬੋਲਦਾ ਹੈ। ]

ਹਸਨ ਰਹੀਮ :

ਮੇਵਾ ਸਿੰਘ, ਤੇਰੇ ਅੰਦਰਲਾ ਡੂੰਘਾ ਸਬਰ ਤੇ ਧੀਰਜ ਸ਼ਕਤੀ ਵਿਚ ਵਟ ਗਿਐ। ਇਸ ਜੋਸ਼ ਨੂੰ ਠੰਢਾ ਨਹੀਂ ਹੋਣ ਦੇਣਾ। ਨਾ ਹੀ ਅਜਾਈਂ ਗੁਆਉਣਾ ਹੈ। ਇਸਨੂੰ ਅਪਣੀ ਕੌਮ ਖ਼ਾਤਰ ਵਰਤਣਾ ਹੈ। ਲੋਕਾਂ ਦੀ ਖ਼ਾਤਰ — ਕੇਵਲ ਲੋਕਾਂ ਦੀ ਖ਼ਾਤਰ।



[ ਰੌਸ਼ਨੀ ਇਮੀਗ੍ਰੇਸ਼ਨ 'ਤੇ ਪੈਂਦੀ ਹੈ। ਹਾਪਕਿਨਸਨ ਮੇਜ਼ 'ਤੇ ਇੱਕਲਾ, ਚੁੱਪ-ਚਾਪ ਬੈਠਾ ਹੈ, ਕਿਸੇ ਸੋਚ ਵਿਚ ਗੁਆਚਾ ਹੋਇਆ। ਪਿਛਵਾੜਿਓਂ ਆਵਾਜ਼ ਆਉਂਦੀ ਹੈ। ]

ਆਵਾਜ਼ :

ਮਿਸਟਰ ਵਿਲੀਅਮ ਸੀ, ਹਾਪਕਿਨਸਨ।

[ ਹਾਪਕਿਨਸਨ ਖ਼ੁਸ਼ ਹੋ ਜਾਂਦਾ ਹੈ। ]

ਆਵਾਜ਼ :

ਗੋਰਾ।

[ ਹਾਪਕਿਨਸਨ ਹੋਰ ਖ਼ੁਸ਼ ਹੋ ਜਾਂਦਾ ਹੈ। ]

ਆਵਾਜ਼ :

ਅੰਗਰੇਜ਼।

[ ਹਾਪਕਿਨਸਨ ਥੋੜਾ ਜਿਹਾ ਹਸਦਾ ਹੈ ਤੇ ਫੇਰ ਖ਼ੁਸ਼ੀ ਵਿਚ ਹੋਰ ਉਚੀ ਉਚੀ ਹੱਸਦਾ ਹੈ। ]

ਆਵਾਜ਼ :

ਮਿਸਟਰ ਵਿਲੀਅਮ ਸੀ. ਹਾਪਕਿਨਸਨ, ਕੈਨੇਡੀਅਨ ਸਰਕਾਰ ਦਾ ਸਪੁੱਤਰ ! ਆਗਿਆਕਾਰ ! ਅੰਗਰੇਜ਼ੀ ਸਾਮਰਾਜ ਦਾ ਤਨੋਂ ਮਨੋਂ ਵਫ਼ਾਦਾਰ !

[ ਹਾਪਕਿਨਸਨ ਮਾਣ ਨਾਲ ਹਿੱਕ 'ਤੇ ਅਗੂੰਠਾ ਲਾਉਂਦਾ ਹੈ ਤੇ ਫੇਰ ਹਸਦਾ ਹੈ। ]

ਆਵਾਜ਼ :

ਵਫ਼ਾਦਾਰ ਮਿਸਟਰ ਹਾਪਕਿਨਸਨ, ਆਪਣੀ ਕਲਪਨਾ 'ਚ ਵੇਖ, ਅੰਗਰੇਜ਼ੀ ਮਹਾਂ-ਸਲਤਨਤ ਦਾ ਸ਼ਾਨਦਾਰ ਸਿਖਰਾਂ ਛੋਂਹਦਾ ਦੁੱਧ-ਚਿੱਟਾ ਸ਼ੀਸ਼-ਮੱਹਲ।

[ ਹਾਪਕਿਨਸਨ ਸਿਰ ਹਿਲਾਉਂਦਾ ਹੈ। ਚਿਹਰੇ 'ਤੇ ਮਾਣ ਹੈ। ]

ਆਵਾਜ਼ :

ਵਫ਼ਾਦਾਰ, ਆਗਿਆਕਾਰ ਹਾਪਕਿਨਸਨ। ਅੱਜ ਇਸ ਦੁੱਧ ਚਿੱਟੇ ਮਹਾਂ-ਸ਼ੀਸ਼-ਮੱਹਲ ਵਿਚ ਇਕ ਤ੍ਰੇੜ ਪੈ ਗਈ ਹੈ।

[ ਹਾਪਕਿਨਸਨ ਇਕਦਮ ਗੰਭੀਰ ਚਿਹਰੇ ਨਾਲ ਉਠਦਾ ਹੈ ਉਹਦੇ ਚਿਹਰੇ 'ਤੇ ਉਤਸੁਕਤਾ ਹੈ। ]

ਆਵਾਜ਼ :

ਕਿਸ ਨੇ ਪਾਈ ਹੈ ਤ੍ਰੇੜ ?... ਕਾਮਾਗਾਟਾ ਮਾਰੂ ਨੇ।

[ ਹਾਪਕਿਨਸਨ ਦੇ ਚਿਹਰੇ 'ਤੇ ਪ੍ਰਭਾਵ ਹੋਰ ਗੂੜ੍ਹਾ ਹੋ ਜਾਂਦਾ ਹੈ। ਹੈਰਾਨੀ ਦਾ ਪ੍ਰਭਾਵ, ਜਿਸ ਤਰ੍ਹਾਂ ਕਹਿ ਰਿਹਾ ਹੋਵੇ ਕਿ ਇਹ ਮਮੂਲੀ ਗੱਲ ਹੈ। ]

ਆਵਾਜ਼ :

ਹਾਂ ਅਜੇ ਇਹ ਤ੍ਰੇੜ ਬਹੁਤ ਛੋਟੀ ਹੈ। ਪਰ ਕਲ੍ਹ ਨੂੰ ਇਹ ਤ੍ਰੇੜ ਇਕ ਵੱਡੀ ਦਰਾੜ ਬਣ ਸਕਦੀ ਹੈ।

[ ਹਾਪਕਿਨਸਨ ਇਕਦਮ ਰੁਕਦਾ ਹੈ ਤੇ ਸੋਚਦਾ ਹੈ। ]

ਆਵਾਜ਼ :

ਇਹ ਛੋਟੀ ਤ੍ਰੇੜ ਅੰਤ ਨੂੰ ਇਸ ਬੁਲੰਦ ਸ਼ੀਸ਼-ਮੱਹਲ ਦੇ ਢਹਿ ਢੇਰੀ ਹੋਣ ਦਾ ਮੂਲ ਕਾਰਨ ਬਣ ਸਕਦੀ ਹੈ।

[ ਹਾਪਕਿਨਸਨ ਰਤਾ ਚੌਂਕ ਪੈਂਦਾ ਹੈ। ]



ਹਾਪਕਿਨਸਨ :

(ਇਕਦਮ ਤੇਜ਼ ਪਰ ਦਬਵੀਂ ਆਵਾਜ਼ 'ਚ) ਨੋ, ਨੈਵਰ, ਨੈਵਰ।

ਆਵਾਜ਼ :

ਯੈੱਸ, ਹਾਪਕਿਨਸਨ। ਕਾਮਾਗਾਟਾ ਮਾਰੂ ਹੁਣ ਕੋਈ ਮਮੂਲੀ ਘਟਨਾ ਨਹੀਂ। ਇਸ ਨੂੰ ਸਾਰੀ ਦੁਨੀਆਂ ਨੇ ਵੇਖਿਆ ਹੈ।

[ ਹਾਪਕਿਨਸਨ ਫੇਰ ਰੁਕਦਾ ਹੈ ਤੇ ਸੋਚਦਾ ਹੈ। ]

ਆਵਾਜ਼ :

ਤੂੰ ਇਹੋ ਚਾਹੁੰਦਾ ਹੈਂ ਨਾ ਕਿ ਅੰਗਰੇਜ਼ੀ ਸਾਮਰਾਜ ਦਾ ਮਹਾਨ ਸ਼ੀਸ਼-ਮੱਹਲ ਸਦਾ ਦੁੱਧ ਧੋਤਾ ਰਹੇ।

[ ਹਾਪਕਿਨਸਨ 'ਹਾਂ' ਵਿਚ ਸਿਰ ਹਿਲਾਉਂਦਾ ਹੈ। ]

ਆਵਾਜ਼ :

ਤੇ ਹਿੰਦੂ ਦਿਨ ਰਾਤ ਇਸ ਨੂੰ ਗੋਡਿਆਂ ਭਾਰ ਹੋ, ਰਗੜ ਰਗੜ ਕੇ ਲਿਸ਼ਕਾਈ ਜਾਣ।

[ ਹਾਪਕਿਨਸਨ ਹੋਰ ਸਿਰ ਹਿਲਾਉਂਦਾ ਹੈ। ]

ਆਵਾਜ਼ :

ਪਰ ਕਦੇ ਇਸ ਦੇ ਅੰਦਰ ਨਾ ਜਾਣ।

[ ਹਾਪਕਿਨਸਨ ਖ਼ੁਸ਼ ਹੋ ਕੇ ਜ਼ੋਰ ਜ਼ੋਰ ਦੀ ਸਹਿਮਤੀ ਵਿਚ ਸਿਰ ਹਿਲਾਉਂਦਾ ਹੈ। ]

ਆਵਾਜ਼ :

ਬਜਬਜ ਘਾਟ 'ਤੇ ਇਸੇ ਲਈ ਗੋਲੀ ਚਲਾਈ ਨਾ ਹਿੰਦੂਆਂ 'ਤੇ।

[ ਹਾਪਕਿਨਸਨ ਸਹਿਮਤੀ 'ਚ ਸਿਰ ਹਿਲਾਈ ਜਾਂਦਾ ਹੈ। ]

ਆਵਾਜ਼ :

ਤਾਂ ਸੁਣ ਬਜਬਜ ਘਾਟ 'ਤੇ ਚੱਲੀਆਂ ਗੋਲੀਆਂ ਹਿੰਦੁਸਤਾਨ ਦੇ ਹਿੰਦੂਆਂ

ਨੇ ਸੁਣੀਆਂ ਹਨ । ਅਮ੍ਰੀਕਾ ਦੇ ਹਿੰਦੂਆਂ ਨੇ ਸੁਣੀਆਂ ਹਨ ।

[ ਹਾਪਕਿਨਸਨ ਗੰਭੀਰ ਹੋ ਕੇ ਸਹਿਮਤੀ ਨਾਲ ਸਿਰ ਹਿਲਾਉਂਦਾ ਹੈ । ]

ਆਵਾਜ਼ :

ਤੂੰ ਵੇਖਿਆ ਨਹੀਂ, ਕੈਨੇਡਾ ਦੇ ਹਿੰਦੂ ਲੀਡਰ ਗੋਲੀਆਂ ਦੀ ਆਵਾਜ਼ ਸੁਣ ਕੇ ਕਿਵੇਂ ਭੜਕ ਉੱਠੇ ਹਨ । ਕਿਵੇਂ ਸਾਡੇ ਮਹਾਂ-ਸ਼ੀਸ਼-ਮੱਹਲ ਨੂੰ ਕੈਰੀਆਂ ਅੱਖਾਂ ਨਾਲ ਵੇਖ ਰਹੇ ਹਨ । ਹੱਥਾਂ ਵਿਚ ਇੱਟਾਂ ਚੁੱਕੀ ਖੜੇ ਹਨ ।

[ ਆਵਾਜ਼ ਜਦੋਂ ਬੋਲ ਕੇ ਹਟਦੀ ਹੈ, ਤਾਂ ਹਾਪਕਿਨਸਨ ਇਕਦਮ ਅੱਖਾਂ ਲਾਲ ਕਰ ਲੈਂਦਾ ਹੈ ਤੇ ਬੇਚੈਨੀ ਨਾਲ ਇਧਰ ਉਧਰ ਘੁੰਮਦਾ ਹੈ ।
ਕੁਝ ਵਕਫ਼ੇ ਪਿਛੋਂ ਪਿਛਵਾੜਿਉਂ ਫਿਰ ਆਵਾਜ਼ ਆਉਂਦੀ ਹੈ । ]

ਆਵਾਜ਼ :

ਅਜੇ ਸਮਾਂ ਹੈ ਮਿਸਟਰ ਹਾਪਕਿਨਸਨ, ਅਜੇ ਸਮਾਂ ਹੈ ।

ਹਾਪਕਿਨਸਨ :

(ਜੋਸ਼ ਵਿਚ) ਮੈਂ...

ਆਵਾਜ਼ :

ਵਫ਼ਾਦਾਰ, ਆਗਿਆਕਾਰ, ਮਿਸਟਰ ਵਿਲੀਅਮ ਸੀ. ਹਾਪਕਿਨਸਨ, ਆਪਣਾ ਫ਼ਰਜ਼ ਪਛਾਣ ।

[ ਹਾਪਕਿਨਸਨ ਬੇਚੈਨੀ ਵਿਚ ਫਿਰਦਾ ਫਿਰਦਾ ਇਕਦਮ ਰੁਕ ਜਾਂਦਾ ਹੈ । ]

ਹਾਪਕਿਨਸਨ :

(ਉਚੀ ਆਵਾਜ਼ 'ਚ) ਬੇਲਾ ਸਿੰਘ !

[ ਹਾਪਕਿਨਸਨ ਝਟਕੇ ਨਾਲ ਮੁੜਦਾ ਹੈ ਤੇ ਇਕਦਮ ਅੰਦਰ ਨੂੰ ਜਾਂਦਾ ਹੈ । ]



[ ਰੌਸ਼ਨੀ ਗੁਰਦੁਆਰੇ 'ਤੇ ਪੈਂਦੀ ਹੈ ।
ਮੇਵਾ ਸਿੰਘ ਇੱਕਲਾ ਈ ਅਤਿ ਬੇਚੈਨੀ ਵਿਚ ਘੁੰਮ ਰਿਹਾ ਹੈ । ਪਿਛੋਕੜ ਵਿਚ ਚੱਲ ਰਿਹਾ ਸੰਗੀਤ ਹੌਲੀ ਹੌਲੀ ਬੰਦ ਹੁੰਦਾ ਹੈ । ਫਿਰ ਇਕ ਸਵਾਲੀਆ ਆਵਾਜ਼ ਉਭਰਦੀ ਹੈ । ]

ਆਵਾਜ਼ :

ਮੇਵਾ ਸਿੰਘ, ਕੀ ਸੋਚ ਰਿਹੈਂ ?

[ ਮੇਵਾ ਸਿੰਘ ਉਸੇ ਅਵਸਥਾ ਵਿਚ ਰਹਿੰਦਾ ਹੈ । ]

ਆਵਾਜ਼ :

ਅਪੀਲ ਬਾਰੇ ? ਬੇਲਾ ਸਿੰਘ ਵਿਰੁੱਧ ਕੀਤੀ ਅਪੀਲ ਬਾਰੇ ?

[ ਮੇਵਾ ਸਿੰਘ ਚਿਹਰੇ 'ਤੇ ਪ੍ਰਭਾਵ ਬਦਲਦਾ ਹੈ । ]

ਆਵਾਜ਼ :

(ਵਿਅੰਗ ਨਾਲ ਹੱਸ ਕੇ) ਇਨਸਾਫ਼ ਦੀ ਭੀਖ ਮੰਗਣ ਕਿਸ ਅਦਾਲਤ ਵਿਚ ਜਾਣਾ ਹੈ, ਮੇਵਾ ਸਿੰਘ ?

[ ਮੇਵਾ ਸਿੰਘ ਦੇ ਚਿਹਰੇ ਉਤੇ ਸੋਚ ਦਾ ਪ੍ਰਭਾਵ ਜਾਗਦਾ ਹੈ । ]

ਆਵਾਜ਼ :

ਹਾਂ, ਹਾਂ, ਭੀਖ ਮੰਗਣ । ਕਿਉਂ, ਜਚੀ ਨਹੀਂ ਮੇਰੀ ਗੱਲ ! ਤੂੰ ਇਹਨਾਂ ਅਦਾਲਤਾਂ ਵਿਚ ਮੁਕੱਦਮੇ ਲੜ ਕੇ ਇਨਸਾਫ਼ ਜਿੱਤਣਾ ਚਾਹੁੰਨੈਂ ? ਵਾਹ ਮੇਵਾ ਸਿਹਾਂ, ਅਜੇ ਟੁੱਟਿਆ ਨਹੀਂ ਭਰਮ ?

[ ਮੇਵਾ ਸਿੰਘ ਦਾ ਚਿਹਰਾ ਇੰਜ ਦਾ ਪ੍ਰਭਾਵ ਪ੍ਰਗਟ ਕਰਦਾ ਹੈ ਜਿਵੇਂ ਉਹ ਚੌਂਕ ਉਠਿਆ ਹੈ। ]

ਆਵਾਜ਼ :

ਕਾਮਾਗਾਟਾ ਮਾਰੂ ਦਾ ਕਤਲਾਮ... ਭਾਗ ਸਿੰਘ, ਬਚਨ ਸਿੰਘ ਤੇ ਇਸ ਤੋਂ ਅੱਗੇ ਕੌਣ ? ਕਿਸ ਦੀ ਵਾਰੀ ? ਸੋਹਣ ਲਾਲ ? ਹਸਨ ਰਹੀਮ ? ਬਲਵੰਤ ਸਿੰਘ ?

ਮੇਵਾ ਸਿੰਘ :

(ਉਚੀ ਆਵਾਜ਼ ਵਿਚ) ਨਹੀਂ।

ਆਵਾਜ਼ :

ਫਿਰ ਤੂੰ ਇਹ ਸਭ ਕੁਝ ਸਹੀ ਜਾਵੇਂਗਾ, ਚੁੱਪ-ਚਾਪ ?

ਮੇਵਾ ਸਿੰਘ :

ਨਹੀਂ।

ਆਵਾਜ਼ :

ਇਹ ਜਾਣਦਿਆਂ ਵੀ ਦੁਚਿੱਤੀ ਵਿਚ ਹੈਂ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਕੀ ਕਿਹਾ ਸੀ ? — ਮੈਂ ਦੱਸਾਂ ਉਹਨਾਂ ਨੇ ਕੀ ਕਿਹਾ ਸੀ ? — ਸੁਣ।

ਚੂੰ ਕਾਰ ਅਜ਼ ਹਮਾਂ ਹੀਲਤੇ ਦਰਗੁਜ਼ਸ਼ਤ॥
ਹਲਾਲਸਤ ਬੁਰਦਨ ਬ-ਸ਼ਮਸ਼ੀਰ ਦਸਤ॥

[ ਆਵਾਜ਼ ਬੰਦ ਹੁੰਦੀ ਹੈ। ਸੰਗੀਤ ਚਲਦਾ ਹੈ, ਤੇ ਮੇਵਾ ਸਿੰਘ ਬੇਚੈਨੀ ਦੀ ਅਵਸਥਾ ਵਿਚ ਕੁਝ ਪਲ ਸੋਚਦਾ ਹੈ ਤੇ ਫਿਰ ਕਾਹਲੀ ਕਾਹਲੀ ਅੰਦਰ ਵੱਲ ਨੂੰ ਜਾਂਦਾ ਹੈ। ]



[ ਸੰਗੀਤ ਮੱਧਮ ਹੁੰਦਾ ਹੈ। ਨੇੜੇ ਵਿਚ ਇਮੀਗ੍ਰੇਸ਼ਨ ਵਾਲੇ ਹਿੱਸੇ ਵਿਚੋਂ ਕੋਰਟ ਰੂਮ ਦੀਆਂ ਆਵਾਜ਼ਾਂ ਆਉਂਦੀਆਂ ਹਨ। ]

ਆਵਾਜ਼ :

ਜੱਜ ਸਾਹਿਬ ਆ ਗਏ ਨੇ, ਚਲੋ ਆਪਾਂ ਵੀ ਅੰਦਰ ਚੱਲੀਏ।

ਆਵਾਜ਼ 2 :

ਆਪਣੇ ਵਕੀਲ ਮਿਸਟਰ ਬਰਡ ਪਹੁੰਚ ਗਏ ਕਿ ਨਹੀਂ ?

ਆਵਾਜ਼ 3 :

ਉਹ ਤਾਂ, ਮੇਰਾ ਅੰਦਾਜ਼ਾ ਹੈ ਕੋਰਟ ਰੂਮ ਦੇ ਅੰਦਰ ਹੀ ਹੋਣੇ ਨੇ।

[ ਰੌਸ਼ਨੀ ਇਮੀਗ੍ਰੇਸ਼ਨ ਵਾਲੇ ਹਿੱਸੇ 'ਤੇ ਪੈਂਦੀ ਹੈ, ਜੋ ਹੁਣ ਸੁਪਰੀਮ ਕੋਰਟ ਦੇ ਬੂਹੇ ਦੇ ਸਾਹਮਣੇ ਵਾਲੀ ਥਾਂ ਨੂੰ ਦਰਸਾਉਂਦਾ ਹੈ। ਬੂਹੇ ਦੇ ਪਰਦੇ ਅੱਗੇ ਛੋਟੀਆਂ ਪੌੜੀਆਂ ਰੱਖ ਕੇ ਕੋਰਟ ਅੰਦਰ ਜਾਣ ਦਾ ਰਸਤਾ ਬਣਿਆ ਹੈ।

ਇਸ ਕਮਰੇ ਵਿਚ ਖੱਬੇ ਪਾਸੇ ਮੇਵਾ ਸਿੰਘ ਤੇ ਉਸ ਦੇ ਦੋ ਸਾਥੀ ਖੜ੍ਹੇ ਹਨ, ਜਿਨ੍ਹਾਂ ਵਿਚੋਂ ਇਕ ਪੱਗ ਵਾਲਾ ਤੇ ਇਕ ਬਿਨਾਂ ਪੱਗ ਤੋਂ ਹੈ। ਸੱਜੇ ਪਾਸੇ ਤਿੰਨ ਬੰਦੇ ਬੇਲਾ ਸਿੰਘ ਦੀ ਪਾਰਟੀ ਦੇ ਹਨ। ਦੋਵੇਂ ਗਰੁੱਪ ਆਪੋ ਆਪਣੇ ਬੰਦਿਆਂ ਵਿਚਕਾਰ ਗੱਲਾਂ ਵਿਚ ਰੁੱਝੇ ਲੱਗਦੇ ਹਨ। ਮੇਵਾ ਸਿੰਘ ਗੰਭੀਰ ਤੇ ਚੁੱਪ ਹੈ।

ਹਾਪਕਿਨਸਨ ਦਾਖ਼ਲ ਹੁੰਦਾ ਹੈ। ਬੇਲਾ ਸਿੰਘ ਦੇ ਗਰੁੱਪ ਵਿਚੋਂ ਇਕ ਪਗੜੀ ਵਾਲੇ ਬੰਦੇ ਨਾਲ ਹੱਥ ਮਿਲਾਉਂਦਾ ਹੈ ਤੇ ਗੱਲ ਕਰਦਾ ਪ੍ਰਤੀਤ ਹੁੰਦਾ

ਹੈ। ਫੇਰ ਉਹ ਮੇਵਾ ਸਿੰਘ ਵਲ ਮੂੰਹ ਭਵਾਉਂਦਾ ਹੈ ਤੇ ਰੋਅਬ ਨਾਲ ਉਸ ਵੱਲ ਵੇਖਦਾ ਹੈ। ਮੇਵਾ ਸਿੰਘ ਦ੍ਰਿੜ ਸਿੱਧਾ ਉਸ ਦੀਆਂ ਅੱਖਾਂ ਵਿਚ ਵੇਖਦਾ ਹੈ। ਕੁਝ ਪਲ ਤਣਾਓ ਦੀ ਹਾਲਤ ਰਹਿੰਦੀ ਹੈ। ਫਿਰ ਹਾਪਕਿਨਸਨ ਮੋਢੇ ਛੰਡ ਕੇ ਅੱਗੇ ਲੰਘ ਜਾਂਦਾ ਹੈ। ਮੇਵਾ ਸਿੰਘ ਉਸ ਨੂੰ ਪਿੱਛੋਂ ਬੁਲਾਉਂਦਾ ਹੈ। ]

ਮੇਵਾ ਸਿੰਘ :

ਹਾਪਕਿਨਸਨ —

[ ਹਾਪਕਿਨਸਨ ਪਿੱਛੇ ਭੌਂ ਕੇ ਉਸ ਵੱਲ ਵੇਖਦਾ ਹੈ। ਮੇਵਾ ਸਿੰਘ ਸਿੱਧਾ ਉਸ ਦੀਆਂ ਅੱਖਾਂ ਵਿਚ ਵੇਖਦਾ ਹੈ। ਫਿਰ ਮੁਸਕਾਉਂਦਾ ਹੈ। ਹਾਪਕਿਨਸਨ ਥੋੜਾ ਜਿਹਾ ਖਿੱਝ ਕੇ ਮੋਢੇ ਛੰਡਦਾ ਹੈ ਤੇ ਫਿਰ ਜਾਣ ਲੱਗਦਾ ਹੈ।

ਮੇਵਾ ਸਿੰਘ ਜੇਬ 'ਚੋਂ ਇਕਦਮ ਰਿਵਾਲਵਰ ਕੱਢ ਕੇ ਹਾਪਕਿਨਸਨ 'ਤੇ ਚਲਾਉਂਦਾ ਹੈ। ਪਹਿਲੀ ਗੋਲੀ ਵੱਜਣ 'ਤੇ ਹਾਪਕਿਨਸਨ ਦੇ ਮੂੰਹੋਂ 'ਨੋ, ਨੋ' ਦੀ ਆਵਾਜ਼ ਨਿਕਲਦੀ ਹੈ। ਮੇਵਾ ਸਿੰਘ ਉਸ ਦੀ ਛਾਤੀ ਵਿਚ ਹੋਰ ਗੋਲੀਆਂ ਦਾਗ਼ਦਾ ਹੈ। ਹਾਪਕਿਨਸਨ ਉਸ ਦੇ ਪੈਰਾਂ ਵਿਚ ਡਿੱਗ ਪੈਂਦਾ ਹੈ।

ਆਸੇ ਪਾਸੇ ਸਾਰੇ ਭੈਭੀਤ ਖੜ੍ਹੇ ਹਨ। ਕੁਝ ਖਿਸਕ ਜਾਂਦੇ ਹਨ। ਮੇਵਾ ਸਿੰਘ ਅਹਿੱਲ ਸ਼ਾਂਤ ਚਿਹਰੇ ਨਾਲ ਖੜ੍ਹਾ ਰਹਿੰਦਾ ਹੈ। ]

[ ਰੌਸ਼ਨੀ ਕਾਮਾਗਾਟਾ ਮਾਰੂ ਵਾਲੇ ਪਾਸੇ 'ਤੇ ਪੈਂਦੀ ਹੈ। ਆਰੰਭ ਵਾਲਾ ਬਜ਼ੁਰਗ ਅਤੇ ਲੜਕੀ ਦਰਸ਼ਕਾਂ ਵੱਲ ਆ ਰਹੇ ਦਿਖਾਈ ਦਿੰਦੇ ਹਨ। ਉਹ ਹੌਲੀ ਹੌਲੀ ਮੰਚ ਦੇ ਸੱਜੇ ਪਾਸੇ ਵਲ ਨੂੰ ਤੁਰਦੇ ਹਨ। ]

[ ਪਰਦਾ। ]